Sri Satguru Jagjit Singh Ji eLibrary NamdhariElibrary@gmail.com

# ਸਾਈਂ ਮੀਆਂ ਮੀਰ



ਡਾ. ਕਰਨਜੀਤ ਸਿੰਘ

Sri Satguru Jagjit Singh Ji eLibrary NamdhariElibrary@gmail.com

# ਸਾਈਂ ਮੀਆਂ ਮੀਰ

ਡਾ. ਕਰਨਜੀਤ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

Sri Satguru Jagjit Singh Ji eLibrary NamdhariElibrary@gmail.com

**Sain Mian Mir**

*Dr. Karanjeet Singh*

ISBN#978-93-80854-79-3
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਿਛਲੀ ਐਡੀਸ਼ਨ: 2006
ਨਵੀਂ ਛਾਪ: ਜੂਨ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Print Media
1331, Chowk Sangatrashan,
Paharganj, New Delhi - 110055
(m) 9810765258

ਮੁੱਲ : 24/- ਰੁਪਏ

# ਸਾਈਂ ਮੀਆਂ ਮੀਰ

ਮੀਆਂ ਮੀਰ ਦਾ ਗੁਰੂ ਘਰ ਨਾਲ ਬਹੁਤ ਨਿਕਟਵਰਤੀ ਅਤੇ ਨਿੱਘਾ ਸੰਬੰਧ ਹੋਣ ਕਾਰਨ ਸਿੱਖ ਇਤਿਹਾਸ ਵਿਚ ਉਹਨਾਂ ਦਾ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ। ਗੁਰੂ ਸਾਹਿਬਾਨ ਨਾਲ ਮੀਆਂ ਮੀਰ ਦੇ ਗੂੜ੍ਹੇ ਸੰਬੰਧਾਂ ਦਾ ਆਧਾਰ ਏਨਾ ਨਿਜੀ ਪਸੰਦ ਜਾਂ ਨਾ-ਪਸੰਦ ਨਹੀਂ ਸੀ ਜਿਨ੍ਹਾਂ ਉਹ ਵਿਚਾਰਧਾਰਕ ਸਾਂਝ ਸੀ ਜਿਹੜੀ ਇੱਕ ਪਾਸੇ ਸਹਿਨਸ਼ੀਲਤਾ, ਮਾਨਵੀ ਪਿਆਰ ਤੇ ਸਮਾਜਕ, ਧਾਰਮਿਕ ਤੇ ਸਭਿਆਚਾਰਕ ਉਥਾਨ ਲਈ ਕਾਰਜਸ਼ੀਲ ਹੋਣ ਵਾਸਤੇ ਪ੍ਰੇਰਨਾਦਾਇਕ ਸੰਦੇਸ਼ ਦੇਂਦੀ ਸੀ ਅਤੇ ਦੂਜੇ ਪਾਸੇ ਧਾਰਮਿਕ ਕੱਟੜਤਾ, ਮਜ਼੍ਹਬੀ ਤੁਅੱਸਬ, ਵੇਲੇ ਦੇ ਹਾਕਮਾਂ ਦੇ ਜ਼ੋਰ-ਜਬਰ, ਧੱਕੇਸ਼ਾਹੀ ਤੇ ਸਮਾਜਕ ਲੁਟ-ਖਸੁਟ ਤੇ ਬੇਇਨਸਾਫੀ ਦੇ ਖਿਲਾਫ ਸੰਗਰਾਮ ਦਾ ਝੰਡਾ ਬੁਲੰਦ ਕਰਨ ਦੀ ਹੱਲਾਸ਼ੇਰੀ ਦੇਂਦੀ ਸੀ।

## ਪਿਛੋਕੜ

ਮੀਆਂ ਮੀਰ ਨੂੰ ਸਤਿਕਾਰ ਨਾਲ ਹਜ਼ਰਤ ਮੀਆਂ ਮੀਰ ਕਹਿਕੇ ਯਾਦ ਕੀਤਾ ਜਾਂਦਾ ਹੈ ਭਾਵੇਂ ਉਹਨਾਂ ਦਾ ਅਸਲੀ ਨਾਂ ਸ਼ੇਖ਼ ਮੁਹੰਮਦ ਸੀ। ਹਜ਼ਰਤ ਤੇ ਸ਼ੇਖ਼ ਵਾਂਗ ਹੀ ਮੀਰ ਵੀ ਆਦਰ ਤੇ ਸਤਿਕਾਰ ਦਾ ਸੂਚਕ ਪਦ ਹੈ ਜਿਹੜਾ ਮਹਾਨ ਮੁਸਲਮਾਨ ਸੰਤਾਂ ਫਕੀਰਾਂ ਦੀ ਅੰਸ਼ ਔਲਾਦ ਜਾਂ ਜਾਂਨਸ਼ੀਨਾਂ ਲਈ ਵਰਤਿਆ ਜਾਂਦਾ ਹੈ। ਇਹ ਕਹਿਣਾ ਹੋਰ ਵੀ ਠੀਕ ਹੋਵੇਗਾ ਕਿ ਇਹ ਪਦ ਆਮ ਕਰਕੇ ਸਈਅਦਾਂ ਜਾਂ ਇਸਲਾਮ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਦੀ ਬੇਟੀ ਫਾਤਿਮਾ ਦੇ ਵੰਸ਼ ਲਈ ਵਰਤਿਆ ਜਾਂਦਾ ਹੈ। ਹਜ਼ਰਤ ਮੀਆਂ ਮੀਰ ਦਾ ਪਿਛੋਕੜ ਹਜ਼ਰਤ ਮੁਹੰਮਦ ਦੇ ਦੂਜੇ ਉਤਰ-ਅਧਿਕਾਰੀ, ਹਜ਼ਰਤ ਉਮਰ ਨਾਲ ਜਾ ਜੁੜਦਾ ਹੈ।

ਮੀਆਂ ਮੀਰ ਦਾ ਪਿਛੋਕੜ ਸੀਸਤਾਨ (ਈਰਾਨ-ਅਫਗਾਨਿਸਤਾਨ) ਨਾਲ ਜੁੜਿਆ ਹੋਇਆ ਹੈ। ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਸਾਈਂ

ਮੀਆਂ ਮੀਰ ਦਾ ਜਨਮ 1550 ਈਸਵੀ ਦੇ ਨੇੜੇ-ਤੇੜੇ ਹੋਇਆ ਲਿਖਿਆ ਹੈ। ਉਹਨਾਂ ਦੇ ਪਿਤਾ ਹਜ਼ਰਤ ਸਾਈਂ ਦਿੱਤਾ ਸੀਸਤਾਨ ਦੇ ਕਾਜ਼ੀ ਸਨ। ਮੀਆਂ ਮੀਰ ਅਜੇ ਸਤ ਕੁ ਸਾਲਾਂ ਦੇ ਹੀ ਸਨ ਜਦੋਂ ਉਹਨਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ। ਉਹਨਾਂ ਦੀ ਮਾਂ ਪੀਰ ਦਸਤਗੀਰ ਦੇ ਰੂਹਾਨੀ ਘਰਾਣੇ ਵਿਚੋਂ ਸੀ ਜਿਸ ਨੇ ਬੜੇ ਧਿਆਨ ਨਾਲ ਆਪਣੇ ਪ੍ਰਤਿਭਾਵਾਨ ਤੇ ਹੋਣਹਾਰ ਪੁੱਤਰ ਨੂੰ ਪਾਲ ਪੋਸ ਕੇ ਵੱਡਾ ਕੀਤਾ। ਬੇਸ਼ਕ ਉਹਨਾਂ ਦੇ ਗਿਆਨ ਦਾ ਘੇਰਾ ਬੜਾ ਵਿਸ਼ਾਲ ਸੀ ਪਰ ਉਹ ਪਰਾ-ਭੌਤਿਕਵਾਦ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਸਨ। ਉਹਨਾਂ ਨੇ ਆਪਣੀ ਰੂਹਾਨੀ ਤਾਲੀਮ ਆਪਣੀ ਮਾਂ ਕੋਲੋਂ ਹੀ ਪ੍ਰਾਪਤ ਕੀਤੀ ਸੀ ਅਤੇ ਅਜੇ ਉਹਨਾਂ ਨੇ ਮਦਰੱਸੇ ਦੀ ਪੜ੍ਹਾਈ ਮੁਕਾਈ ਨਹੀਂ ਸੀ ਜਦੋਂ ਉਹਨਾਂ ਨੇ ਰਹੱਸਵਾਦ ਦੇ ਖੇਤਰ ਵਿਚ ਵਿਲੱਖਣ ਸਥਾਨ ਪ੍ਰਾਪਤ ਕਰ ਲਿਆ ਸੀ।

ਜਿਵੇਂ ਕਿ ਸਾਡੀ ਭਾਸ਼ਾ ਦਾ ਅਖਾਣ ਹੈ, "ਸ਼ਾਹ ਬਿਨਾ ਪੱਤ ਨਹੀਂ ਗੁਰੂ ਬਿਨਾਂ ਗੱਤ ਨਹੀਂ।" ਮੀਆਂ ਮੀਰ ਨੂੰ ਹੁਣ ਕਿਸੇ ਐਸੇ ਗੁਰੂ ਦੀ ਤਲਾਸ਼ ਸੀ ਜਿਹੜਾ ਉਹਨਾਂ ਦੀ ਉਂਗਲੀ ਫੜ ਕੇ ਉਹਨਾਂ ਨੂੰ ਆਤਮਕ ਤੇ ਅਧਿਆਤਮਕ ਮੰਡਲਾਂ ਦੀ ਪੂਰੀ ਥਾਹ ਪਾਉਣ ਵਿਚ ਸਹਾਇਤਾ ਦੇ ਸਕੇ। ਅਖੀਰ ਉਹਨਾਂ ਨੇ ਸੀਸਤਾਨ ਦੀਆਂ ਪਹਾੜੀਆਂ ਵਿਚ ਸ਼ੇਖ ਖਿਜ਼ਰ ਦਾ ਜਾ ਲੜ ਫੜਿਆ ਅਤੇ ਉਸ ਦੇ ਮੁਰੀਦ ਬਣ ਗਏ। ਮਗਰੋਂ ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿਚ ਉਹ ਆਪਣੇ ਗੁਰੂ ਤੋਂ ਆਦੇਸ਼ ਪਾ ਕੇ ਲਾਹੌਰ ਆ ਟਿਕੇ।

ਲਾਹੌਰ ਵਿਚ ਉਹਨਾਂ ਨੇ ਆਲਮ ਗੰਜ, ਦਾਰਾਪੁਰ, ਹਾਸ਼ਮਪੁਰ ਤੇ ਗ਼ਿਆਸਪੁਰ ਦੇ ਬਾਹਰਵਾਰ ਦੇ ਇਲਾਕੇ ਨੂੰ ਆਪਣੀ ਰਿਹਾਇਸ਼ ਲਈ ਚੁਣਿਆ। ਇਹ ਥਾਂ ਉਦੋਂ ਉਜਾੜ ਸੀ। ਅੱਜ ਇਹ ਬਸਤੀਆਂ ਵੀ ਮੌਜੂਦ ਨਹੀਂ ਹਨ ਪਰ ਇਸ ਥਾਂ ਨੂੰ ਮੀਆਂ ਮੀਰ ਦੀ ਛਾਉਣੀ ਕਰਕੇ ਜਾਣਿਆ ਜਾਂਦਾ ਹੈ। ਇਸ ਥਾਂ ਮੀਆਂ ਮੀਰ ਦਾ ਮਕਬਰਾ ਬਣਿਆ ਹੋਇਆ ਹੈ ਜਿਥੇ ਲੋਕ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਉਂਦੇ ਹਨ।

## ਆਪਣੇ ਸਮੇਂ ਦਾ ਉਘਾ ਸੂਫੀ

ਮੀਆਂ ਮੀਰ ਆਪਣੇ ਸਮੇਂ ਦੇ ਬੜੇ ਹਰਮਨ ਪਿਆਰੇ ਤੇ ਉੱਚ ਕੋਟੀ ਦੇ ਸੂਫੀ ਫਕੀਰ ਸਨ। ਹਰ ਸੂਫੀ ਇੱਕ ਰਹੱਸਵਾਦੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਹਰ ਰਹੱਸਵਾਦੀ ਸੂਫੀ ਵੀ ਹੋਵੇ ਕਿਉਂਕਿ ਸੂਫੀ ਵਾਸਤੇ ਇਹ ਗੱਲ ਲਾਜ਼ਮੀ

Sri Satguru Jagjit Singh Ji eLibrary NamdhariElibrary@gmail.com



ਮੰਨੀ ਗਈ ਹੈ ਕਿ ਉਹ ਮੁਖ ਰੂਪ ਵਿਚ ਮੁਸਲਮਾਨ ਹੁੰਦਾ ਹੈ ਅਤੇ ਮੁਸਲਮਾਨ ਉਹ ਹੁੰਦਾ ਹੈ ਜਿਹੜਾ ਕੁਰਾਨ ਅਤੇ ਹਜ਼ਰਤ ਮੁਹੰਮਦ ਉਤੇ ਈਮਾਨ ਲਿਆਉਂਦਾ ਹੈ। ਇਕ ਵਿਚਾਰ ਅਨੁਸਾਰ ਸੂਫੀ ਇਹ ਗੱਲ ਆਮ ਤੌਰ 'ਤੇ ਸਵੀਕਾਰ ਕਰਦੇ ਹਨ ਕਿ ਉਹਨਾਂ ਦੀ ਪਰਿਪਾਟੀ ਦਾ ਮਹਾਨ ਬਾਨੀ, ਅਬੂ ਤਾਲਿਬ ਦਾ ਮੁਤਬੰਨਾ ਪੁੱਤਰ ਅਤੇ ਫਾਤਿਮਾ ਦਾ ਖਾਵੰਦ, ਹਜ਼ਰਤ ਅਲੀ ਸੀ। ਤਿਆਗ ਸੂਫੀ ਮੱਤ ਦਾ ਇਕ ਮੂਲ ਤੱਤ ਹੈ। ਪਰ ਤਿਆਗ ਦਾ ਉਹ ਤੱਤ ਨਾ ਤਾਂ ਇਸਲਾਮ ਵਿਚ ਹੈ ਅਤੇ ਨਾ ਹੀ ਯਹੂਦੀ ਮੱਤ ਜਾਂ ਅਰਬ ਲੋਕਾਂ ਦੇ ਪੂਰਵ-ਇਸਲਾਮੀ ਸਭਿਆਚਾਰ ਵਿਚ। ਪਰ ਅਠਵੀਂ ਸਦੀ ਈਸਵੀ ਵਿਚ ਆਰੰਭ ਹੋਣ ਵਾਲੀ ਸੂਫੀਆਂ ਦੀ ਲਹਿਰ ਤਿਆਗ ਦੀ ਲਹਿਰ ਸੀ ਇਸ ਲਈ ਇਸ ਨੂੰ ਇਸਲਾਮ ਵਿਰੋਧੀ ਸਮਝਿਆ ਗਿਆ। ਸੂਫੀ ਲਹਿਰ ਨੂੰ ਕੁਚਲਣ ਅਤੇ ਸੂਫੀਆਂ ਨੂੰ ਦੁਖ ਤਸੀਹੇ ਦੇਣ ਲਈ ਹੋਰ ਲਹਿਰਾਂ ਵੀ ਚਲੀਆਂ। ਸੋ ਸਵਾਲ ਪੈਦਾ ਹੁੰਦਾ ਹੈ ਕਿ ਇਸਲਾਮ ਵਿਚੋਂ ਫੁਟ ਨਿਕਲੀ ਇੱਕ ਸ਼ਾਖ਼, ਸੂਫ਼ੀਵਾਦ ਵਿਚ ਤਿਆਗ ਦੀ ਭਾਵਨਾ ਵਾਲਾ ਤੱਤ ਕਿਥੋਂ ਆ ਗਿਆ ਜਿਸ ਨੂੰ ਇਸਲਾਮ-ਵਿਰੋਧੀ ਮੰਨਿਆ ਜਾਂਦਾ ਹੈ।

## ਸੂਫੀਮਤ ਤੇ ਇਸਲਾਮ

ਇਸ ਬਾਰੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਸਮਰਕੰਦ ਤੋਂ ਲੈ ਕੇ ਮਿਸਰ ਤੱਕ ਮਧ ਪੂਰਬ ਦੇ ਪੂਰੇ ਇਲਾਕੇ ਵਿਚ, ਜਿਸ ਵਿਚ ਇਰਾਕ, ਸੀਰੀਆ, ਈਰਾਨ, ਖੁਰਾਸਾਨ, ਬਲਖ਼ ਬੁਖ਼ਾਰਾ ਆਦਿ ਵੀ ਆ ਜਾਂਦੇ ਹਨ, ਇਸਲਾਮ ਦੇ ਉਦੈ ਤੋਂ ਪਹਿਲਾਂ ਬੁਧਮਤ, ਨਵ-ਅਫਲਾਤੂਨਵਾਦ, ਨੌਸਟਿਕ ਮੱਤ ਵਰਗੀਆਂ ਕੁਝ ਤਿਆਗ ਪਰਿਪਾਟੀਆਂ ਦਾ ਬੋਲਬਾਲਾ ਸੀ। ਇਸ ਲਈ ਸਪਸ਼ਟ ਹੈ ਕਿ ਤਿਆਗ ਉਥੋਂ ਦੇ ਲੋਕ-ਸਭਿਆਚਾਰ ਦਾ ਇੱਕ ਅੰਗ ਬਣ ਚੁੱਕਾ ਹੋਇਆ ਸੀ ਜਿਸ ਨੇ ਸੂਫੀ ਮੱਤ ਦੀ ਸ਼ਕਲ ਧਾਰਨ ਕਰ ਲਈ। ਡਿਕਸ਼ਨਰੀ ਆਫ ਇਸਲਾਮ ਦੇ ਪੰਨਾ 609 ਉਤੇ ਦਰਜ ਹੈ ਕਿ ਸੂਫੀ ਖ਼ੁਦ ਇਹ ਗੱਲ ਮੰਨਦੇ ਹਨ "ਕਿ ਉਹਨਾਂ ਦੀ ਧਾਰਮਿਕ ਪਰਿਪਾਟੀ ਸਦਾ ਤੋਂ ਹੀ, ਮੁਹੰਮਦ ਦੇ ਮਿਸ਼ਨ ਤੋਂ ਵੀ ਪਹਿਲਾਂ ਤੋਂ, ਸੰਸਾਰ ਵਿਚ ਮੌਜੂਦ ਰਹੀ ਹੈ ਅਤੇ ਸੂਫੀਵਾਦ ਦਾ ਤੁਅੱਸਬਹੀਨ ਵਿਦਿਆਰਥੀ ਇਹ ਅਨੁਭਵ ਕਰੇਗਾ ਕਿ ਸੂਫੀਵਾਦ ਜਾਂ ਤਸੱਵਫ ਹਿੰਦੂ ਦਰਸ਼ਨ ਦੀ ਵੇਦਾਂਤ ਪ੍ਰਣਾਲੀ ਦੇ ਮੁਸਲਮ ਰੂਪ ਤੋਂ ਬਿਨਾਂ ਕੁਝ ਵੀ ਨਹੀਂ।" ਐਸ.ਆਰ. ਸ਼ਾਰਧਾ ਨੇ ਆਪਣੀ ਪੁਸਤਕ "ਸੂਫੀ

Sri Satguru Jagjit Singh Ji eLibrary NamdhariElibrary@gmail.com

ਥਾਟ'' ਵਿਚ ਦਾਰਾ ਸ਼ਕੋਹ ਦੇ ਹਵਾਲੇ ਨਾਲ ਲਿਖਿਆ ਹੈ ਕਿ ਹਿੰਦੂ ਵੇਦਾਂਤ ਤੇ ਮੁਸਲਮ ਰਹੱਸਵਾਦ ਇਕੋ ਹੀ ਚੀਜ਼ ਹੈ, ਫਰਕ ਹੈ ਤਾਂ ਕੇਵਲ ਭਾਸ਼ਾ ਦਾ।''

ਜਦੋਂ ਇਸਲਾਮ ਦੀ ਕੱਟੜਤਾ ਵੱਲੋਂ ਸੂਫੀਆਂ ਦਾ ਸਖ਼ਤ ਵਿਰੋਧ ਹੋਣ ਲੱਗਾ ਤਾਂ ਸੂਫੀਆਂ ਨੇ ਇਹ ਵਤੀਰਾ ਧਾਰਨ ਕੀਤਾ ਕਿ ਇੱਕ ਪਾਸੇ ਤਾਂ ਉਹ ਆਪਣੇ ਮੱਤ ਦੀ ਸੁਰੱਖਿਆ ਦੇ ਜਤਨ ਕਰਨ ਲਗੇ ਅਤੇ ਦੂਜੇ ਪਾਸੇ ਉਹ ਆਪਣੇ ਮੱਤ ਦਾ ਇਸਲਾਮ ਨਾਲ ਕੋਈ ਤਾਲਮੇਲ ਬਿਠਾਉਣ ਦਾ ਰਾਹ ਲਭਣ ਲੱਗੇ। ਇਸ ਸਥਿਤੀ ਵਿਚ ਸੂਫੀਮੱਤ ਸਿਲਸਲਿਆਂ ਵਿਚ ਵੰਡਿਆ ਗਿਆ ਅਤੇ ਕੁਝ ਇਕ ਐਸੇ ਸੂਫੀ ਸਿਲਸਲੇ ਹੋਂਦ ਵਿਚ ਆ ਗਏ ਜਿਨ੍ਹਾਂ ਵਿਚ ਇਸਲਾਮੀ ਸ਼ਰੀਅਤ ਨੂੰ ਮਾਣਯੋਗ ਥਾਂ ਮਿਲੀ। ਕਾਦਰੀ, ਸੁਹਰਾਵਰਦੀ, ਚਿਸ਼ਤੀ ਅਤੇ ਨਕਸ਼ਬੰਦੀ ਸਿਲਸਿਲੇ ਇਹਨਾਂ ਵਿਚ ਉਘੀ ਥਾਂ ਰਖਦੇ ਹਨ। ਇਹਨਾਂ ਵਿਚ ਸਾਨੂੰ ਕਿਸੇ ਨਾ ਕਿਸੇ ਪ੍ਰਕਾਰ ਦੀ ਇਸਲਾਮੀ ਕੱਟੜਤਾ ਦੇ ਅੰਸ਼ ਲਭ ਜਾਂਦੇ ਹਨ। ਇਸ ਧਾਰਨਾ ਦੀ ਇੱਕ ਉਦਾਹਰਣ ਵਜੋਂ ਸੰਗੀਤ ਵਲ ਸੂਫੀਆਂ ਦੇ ਵਤੀਰੇ ਨੂੰ ਲਿਆ ਜਾ ਸਕਦਾ ਹੈ। ਹਿੰਦੁਸਤਾਨ ਵਿਚ ਵਧੇਰੇ ਪ੍ਰਸਿਧ ਸੂਫੀ ਸਿਲਸਲਿਆਂ ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਗਿਆ ਹੈ, ਵਿਚੋਂ ਸਿਰਫ ਚਿਸ਼ਤੀ ਸਿਲਸਲਾ ਹੀ ਹੈ ਜਿਹੜਾ ਸ਼ੰਗੀਤ ਵਿਚੋਂ ਕਿਸੇ ਪ੍ਰਕਾਰ ਦੀ ਵੈਰਾਗਮਈ ਪ੍ਰੇਰਨਾ ਲੈਂਦਾ ਹੈ। ਸੁਹਰਾਵਰਦੀ ਸੂਫੀ ਆਮ ਕਰਕੇ ਸੰਗੀਤ ਨਾਲ ਕੋਈ ਲਗਾਓ ਨਹੀਂ ਰਖਦੇ ਅਤੇ ਉਹ ਆਮ ਕਰਕੇ ਕੁਰਾਨ ਨੂੰ ਹੀ ਹੇਕ ਨਾਲ ਪੜ੍ਹਨ ਦੀ ਸਿਫਾਰਸ਼ ਕਰਦੇ ਹਨ। ਕਾਦਰੀ ਸੰਗੀਤ ਦੇ ਆਮ ਕਰਕੇ ਅਤੇ ਵਾਦ ਸੰਗੀਤ ਦੇ ਖਾਸ ਕਰਕੇ ਵਿਰੋਧੀ ਹਨ ਅਤੇ ਨਕਸ਼ਬੰਦੀ ਸੰਗੀਤ ਦੇ ਹੋਰ ਵੀ ਜ਼ਿਆਦਾ ਦੁਸ਼ਮਣ ਹਨ।

## ਪੰਜਾਬ ਵਿਚ ਸੂਫੀ ਮੱਤ

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਵੇਲੇ ਸੂਫੀ ਮੱਤ ਨੇ ਹਿੰਦੁਸਤਾਨ ਵਿਚ ਪ੍ਰਵੇਸ਼ ਕੀਤਾ ਸੀ ਉਸ ਵੇਲੇ ਪੰਜਾਬ ਨਾਂ ਦੀ ਕੋਈ ਰਾਜਨੀਤਕ ਭੂਗੋਲਿਕ ਇਕਾਈ ਨਹੀਂ ਸੀ। ਸ਼ਬਦ "ਪੰਜਾਬ'' ਇਤਿਹਾਸਕ ਦ੍ਰਿਸ਼ਟੀ ਤੋਂ ਕੋਈ ਬਹੁਤ ਪੁਰਾਣਾ ਨਹੀਂ। ਇਸ ਸ਼ਬਦ ਦੀ ਵਰਤੋਂ ਦੀ ਗਵਾਹੀ ਸਤਾਰ੍ਹਵੀਂ ਸਦੀ ਦੇ ਪਿਛਲੇਰੇ ਅੱਧ ਤੋਂ ਪਹਿਲਾਂ ਦੀ ਨਹੀਂ ਮਿਲਦੀ। ਸਤਲੁਜ ਦਾ ਇਲਾਕਾ, ਜਿਹੜਾ ਅਜੋਕੇ ਪੰਜਾਬ ਦਾ ਅੰਗ ਹੈ, ਰਣਜੀਤ ਸਿੰਘ ਦੇ ਰਾਜ ਵਿਚ ਸ਼ਾਮਲ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com



ਬਰਤਾਨਵੀਂ ਬਸਤੀਵਾਦੀਆਂ ਨੇ 1857 ਦੀ ਆਜ਼ਾਦੀ ਦੀ ਪਹਿਲੀ ਲੜਾਈ ਨੂੰ ਨਾਕਾਮ ਬਣਾ ਕੇ ਸਤਲੁਜ ਦੇ ਆਰ-ਪਾਰ ਦੇ ਇਲਾਕਿਆਂ ਨੂੰ ਜੋੜਿਆ ਤੇ ਹਰਿਆਣੇ ਦੇ ਕੁਝ ਜ਼ਿਲੇ ਇਸ ਵਿਚ ਸ਼ਾਮਲ ਕਰਕੇ ਪੰਜਾਬ ਨਾਂ ਦੀ ਰਾਜਨੀਤਕ-ਭੂਗੋਲਿਕ ਇਕਾਈ ਦਾ ਸੰਗਠਨ ਕੀਤਾ ਜਿਹੜੀ ਦੇਸ਼ ਦੇ ਆਜ਼ਾਦ ਹੋਣ ਸਮੇਂ ਦੋ ਪੰਜਾਬਾਂ ਵਿਚ ਵੰਡੀ ਗਈ। ਭਾਰਤੀ ਪਾਸੇ ਦਾ ਪੂਰਬੀ ਪੰਜਾਬ ਫੇਰ ਅੱਗੋਂ ਹਰਿਆਣਾ ਤੇ ਹਿਮਾਚਲ ਸਮੇਤ ਤਿੰਨ ਭਾਗਾਂ ਵਿਚ ਵੰਡਿਆ ਗਿਆ। ਇਸ ਲਈ ਜਦੋਂ ਅੱਜ ਅਸੀਂ ਇਸਲਾਮ ਤੇ ਸੂਫੀਆਂ ਦੇ ਪ੍ਰਸੰਗ ਵਿਚ ਪੰਜਾਬ ਦੀ ਗੱਲ ਕਰਦੇ ਹਾਂ ਤਾਂ ਅਜੋਕੇ ਪੰਜਾਬ ਦੀ ਨਹੀਂ ਸਗੋਂ ਮੁਖ ਰੂਪ ਵਿਚ ਉਸ ਖਿੱਤੇ ਦੀ ਹੀ ਗੱਲ ਕਰਦੇ ਹਾਂ ਜਿਹੜਾ ਬਰਤਾਨਵੀ ਹਕੂਮਤ ਵੇਲੇ ਪੰਜਾਬ ਕਰਕੇ ਜਾਣਿਆ ਜਾਂਦਾ ਸੀ।

ਪੰਜਾਬ ਵਿਚ ਸੂਫੀਮਤ ਦਾ ਪ੍ਰਵੇਸ਼ ਇਸਲਾਮ ਦੇ ਨਾਲ ਹੀ ਹੋਇਆ ਮੰਨਿਆ ਜਾਂਦਾ ਹੈ। ਇੱਕ ਰਵਾਇਤ ਅਨੁਸਾਰ ਬਾਬਾ ਰਤਨ ਨਾਂ ਦੇ ਇੱਕ ਵਿਅਕਤੀ ਨੇ ਸਭ ਤੋਂ ਪਹਿਲਾਂ ਮੱਕੇ ਵਿਚ ਹਜ਼ਰਤ ਮੁਹੰਮਦ ਦੇ ਹਥੋਂ ਇਸਲਾਮ ਕਬੂਲ ਕੀਤਾ ਜਿਹੜਾ ਹਿੰਦੁਸਤਾਨ ਵਿਚ ਵਾਪਸ ਆ ਕੇ 1234 ਈਸਵੀ ਤੱਕ ਜਿਊਂਦਾ ਰਿਹਾ। ਪਰ ਇਹ ਗਲ ਇਸ ਲੱਈ ਮੰਨਣਯੋਗ ਨਹੀਂ ਕਿ ਕੋਈ ਵੀ ਆਦਮੀ ਤਕਰੀਬਨ ਛੇ ਸਦੀਆਂ ਤਕ ਜਿਊਂਦਾ ਨਹੀਂ ਰਹਿ ਸਕਦਾ। ਇਕ ਹੋਰ ਦੰਦ-ਕਥਾ ਅਨੁਸਾਰ ਬੀਬੀ ਪਾਕ ਦਾਮਿਨ ਨਾਂ ਦੀ ਇੱਕ ਬੱਚੀ ਹਜ਼ਰਤ ਆਲੀ ਦੀ ਸੰਤਾਨ ਵਿਚੋਂ ਸੀ ਅਤੇ ਉਸ ਦੀ ਇਹ ਸੰਤਾਨ 680-81 ਈਸਵੀ ਦੇ ਨੇੜੇ ਕਰਬਲਾ ਦੀ ਘਟਨਾ ਤੋਂ ਮਗਰੋਂ ਲਾਹੌਰ ਆ ਗਈ ਸੀ ਤੇ ਇਸ ਨੇ ਇਸਲਾਮ ਦਾ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦੇ ਪ੍ਰਚਾਰ ਦੇ ਫਲਸਰੂਪ ਸਥਾਨਕ ਰਾਜੇ ਦੇ ਇੱਕ ਪੁੱਤਰ ਨੇ ਇਸਲਾਮ ਕਬੂਲ ਕਰ ਲਿਆ ਅਤੇ ਬਾਬਾ ਖਾਕੀ ਕਰਕੇ ਪ੍ਰਸਿੱਧ ਹੋਇਆ। 720 ਈਸਵੀ ਵਿਚ ਬਾਬਾ ਖਾਕੀ ਨੇ ਵਫਾਤ ਪਾਈ ਅਤੇ ਸੁਲਤਾਨ ਮਹਿਮੂਦ ਗ਼ਜ਼ਨਵੀ ਨੇ ਉਹਦਾ ਮਕਬਰਾ ਬਣਵਾਇਆ ਤੇ ਦੁਆਲੇ ਚਾਰਦਿਵਾਰੀ ਖੜੀ ਕਰਵਾਈ। ਇੱਕ ਹੋਰ ਮੱਤ ਅਨੁਸਾਰ ਮੁਹੰਮਦ ਬਿਨ ਕਾਸਿਮ ਦੁਆਰਾ ਪਹਿਲੀ ਸਦੀ ਹਿਜਰੀ (ਸ਼ੁਰੂ ਅਠਵੀਂ ਸਦੀ ਈਸਵੀ) ਨੂੰ ਪੰਜਾਬ ਵਿਚ ਇਸਲਾਮ ਨੇ ਕਦਮ ਰੱਖੇ ਜਿਸਨੇ ਸਿੰਧ ਤੇ ਨਾਲ ਲਗਦੇ ਵਡੇ ਇਲਾਕੇ ਫਤਹਿ ਕਰ ਲੈਣ ਮਗਰੋਂ ਮੁਲਤਾਨ ਉੱਤੇ ਕਬਜ਼ਾ ਕਰ ਲਿਆ। ਮੁਹੰਮਦ ਬਿਨ ਕਾਸਿਮ ਨੇ ਦਾਊਦ ਬਿਨ ਨਾਸਰ ਅਲ-ਉਮਾਨੀ ਨੂੰ ਮੁਲਤਾਨ ਦਾ ਗਵਰਨਰ ਥਾਪਿਆ ਜਿਸ ਨੇ ਇਸ

Sri Satguru Jagjit Singh Ji eLibrary NamdhariElibrary@gmail.com



ਸ਼ਹਿਰ ਵਿਚ ਇਕ ਮਸੀਤ ਵੀ ਬਣਵਾਈ। ਇਹ ਪੰਜਾਬ ਵਿਚ ਬਣੀ ਪਹਿਲੀ ਮਸੀਤ ਮੰਨੀ ਜਾਂਦੀ ਹੈ। ਇਹ ਸਭ ਗੱਲਾਂ ਜਨਾਬ ਮਜੀਦ ਅਲੀ ਖਾਂ ਨੇ ਆਪਣੇ ਇੱਕ ਲੇਖ "ਪੰਜਾਬ ਵਿਚ ਸੂਫੀਮੱਤ" ਵਿਚ ਕਹੀਆਂ ਹਨ।

ਅਸੀਂ ਇਹ ਜਾਣਦੇ ਹਾਂ ਕਿ ਪੰਜਾਬ ਉਸ ਸ਼ਾਹਰਾਹ ਉਤੇ ਵਸਦਾ ਪ੍ਰਾਂਤ ਸੀ ਜਿਸ ਉਤੋਂ ਦੀ ਲੰਘਦੇ ਮੁਸਲਮਾਨ ਤੇ ਉਹਨਾਂ ਦਾ ਸਭਿਆਚਾਰ ਹਿੰਦੁਸਤਾਨ ਵਿਚ ਫੈਲਿਆ। ਇਸ ਲਈ ਕੁਦਰਤੀ ਹੀ ਸੀ ਕਿ ਪੰਜਾਬ ਦੇ ਸ਼ਹਿਰ ਤੇ ਪਿੰਡ ਮੁਸਲਮਾਨ ਸੂਫੀਆਂ ਸੰਤਾਂ ਦੇ ਟਿਕਾਣੇ ਬਣਦੇ। ਸ਼ੁਰੂ ਸ਼ੁਰੂ ਵਿਚ ਜਿਹੜੇ ਸੂਫੀ ਪੰਜਾਬ ਵਿਚ ਆ ਕੇ ਬੈਠੇ ਉਹਨਾਂ ਵਿਚ ਇਮਾਮ ਨਸੀਰੁੱਦੀਨ (ਜਿਹੜੇ 945 ਈਸਵੀ ਵਿਚ ਜਲੰਧਰ ਵਿਚ ਅੱਲਾ ਨੂੰ ਪਿਆਰੇ ਹੋ ਗਏ) ਸ਼ੇਖ ਇਸਮਾਈਲ ਬੁਖਾਰੀ ਲਾਹੌਰੀ (ਵਫਾਤ 1056-57 ਈਸਵੀ), ਅਹਿਮਦ ਤੋਖਤਾ ਲਾਹੌਰੀ (ਵਫਾਤ 1205 ਈਸਵੀ), ਯਾਕੂਬ ਸਦਰ ਦੀਵਾਨ ਲਾਹੌਰੀ (ਵਫਾਤ 1208 ਈਸਵੀ) ਅਤੇ ਅਜ਼ੀਜ-ਉ-ਦੀਨ ਮਾਕੀ ਲਾਹੌਰੀ (ਵਫਾਤ 1215 ਈਸਵੀ) ਦੇ ਨਾਮ ਵਰਣਨਯੋਗ ਹਨ।

ਮੁਢਲੇ ਦੌਰ ਦੇ ਸੂਫੀ ਵੀ ਇਸਲਾਮ ਦੇ ਪ੍ਰਚਾਰਕ ਸਨ ਜਿਵੇਂ ਕਿ ਮੁਸਲਮਾਨ ਹਾਕਮ ਇਸਲਾਮ ਦੇ ਪ੍ਰਚਾਰਕ ਸਨ। ਹਾਕਮਾਂ ਦਾ ਇਸਲਾਮ ਤਲਵਾਰ ਦੇ ਜ਼ੋਰ ਅਤੇ ਮੌਲਵੀਆਂ ਦੇ ਧਿੰਗਾਣੇ ਦੇ ਜ਼ੋਰ ਫੈਲਾਇਆ ਜਾ ਰਿਹਾ ਸੀ। ਜ਼ਾਹਿਰ ਹੈ ਕਿ ਇਹ ਲੋਕਾਂ ਨੂੰ ਪ੍ਰਭਾਵਤ ਨਹੀਂ ਸੀ ਕਰ ਸਕਦਾ। ਪਰ ਉਹ ਇਸਲਾਮ ਜਿਸਦੀ ਪ੍ਰਤਿਨਿਧਤਾ ਸੂਫੀ ਕਰਦੇ ਸਨ ਸਥਾਨਕ ਵਾਸੀਆਂ ਨੂੰ ਭਾਅ ਗਿਆ ਸੀ। ਸੂਫੀਆਂ ਦੀ ਸਹਿਨਸ਼ੀਲਤਾ, ਤਿਆਗ, ਸਿਦਕ ਤੇ ਮਿੱਤਰ-ਭਾਵਨਾ ਸਦਕਾ ਹੇਠਲੀਆਂ ਸ਼੍ਰੇਣੀਆਂ ਦੇ ਹਿੰਦੂ ਖਾਸ ਕਰਕੇ ਇਸਲਾਮ ਵੱਲ ਖਿਚੇ ਗਏ ਸਨ। ਪੰਜਾਬੀ ਸਾਹਿਤ ਦੇ ਪਿਤਾਮਾ ਸ਼ੇਖ ਫਰੀਦ-ਉ-ਦੀਨ ਸ਼ਕਰਗੰਜ ਦਾ ਨਾਂ, ਜਿਨ੍ਹਾਂ ਦੀ ਰਚਨਾ ਨੂੰ ਗੁਰੂ ਸਾਹਿਬ ਨੇ ਬੜੇ ਆਦਰ ਨਾਲ ਆਦਿ ਗ੍ਰੰਥ ਵਿਚ ਸਥਾਨ ਦਿੱਤਾ, ਇਸ ਕੋਟੀ ਦੇ ਸੂਫੀ ਗਿਣੇ ਜਾਂਦੇ ਹਨ।

ਬਾਬਾ ਫਰੀਦ ਦਾ ਸੰਬੰਧ ਚਿਸ਼ਤੀ ਸਿਲਸਿਲੇ ਨਾਲ ਸੀ। ਇਸ ਸਿਲਸਲੇ ਦੇ ਮੋਢੀ ਖਵਾਜਾ ਮੁਅਈ-ਉ-ਦੀਨ ਚਿਸ਼ਤੀ ਦਾ ਜਨਮ ਵੀ ਸੀਸਤਾਨ ਵਿਚ ਹੀ ਹੋਇਆ ਪਰ ਪਾਲਣਾ ਪੋਸ਼ਣਾ ਹੋਈ ਖੁਰਾਸਾਨ ਵਿਚ ਅਤੇ 12ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਉਹ ਹਿੰਦੁਸਤਾਨ ਆ ਗਏ। ਖਵਾਜਾ ਮੁਅਈ-ਉ-ਦੀਨ ਨੇ ਪਹਿਲਾਂ ਲਾਹੌਰ ਡੇਰਾ ਲਾਇਆ ਤੇ ਫੇਰ ਉਥੋਂ ਦਿੱਲੀ ਤੇ ਅਖੀਰ ਅਜਮੇਰ

Sri Satguru Jagjit Singh Ji eLibrary NamdhariElibrary@gmail.com



ਚਲੇ ਗਏ ਜਿਸ ਥਾਂ ਨੂੰ ਉਹਨਾਂ ਨੇ ਆਪਣੇ ਮਿਸ਼ਨ ਦਾ ਕੇਂਦਰ ਬਣਾਇਆ। ਬਾਬਾ ਫਰੀਦ ਮੁਢਲੇ ਚਿਸ਼ਤੀ ਸੂਫੀਆਂ ਵਿਚੋਂ ਸਨ ਜਿਨ੍ਹਾਂ ਦਾ ਹਿੰਦੁਸਤਾਨ ਦੇ ਲੋਕਾਂ ਉਤੇ ਆਮ ਕਰਕੇ ਅਤੇ ਪੰਜਾਬ ਦੇ ਲੋਕਾਂ ਉਤੇ ਖਾਸ ਕਰਕੇ ਪ੍ਰਭਾਵ ਪਿਆ। ਬਾਬਾ ਫਰੀਦ ਦੇ ਵੱਡੇ ਵਡੇਰੇ ਬਾਰ੍ਹਵੀਂ ਸਦੀ ਦੇ ਅਧ ਵਿਚ ਕਾਬਲ ਤੋਂ ਪੰਜਾਬ ਆ ਕੇ ਵਸੇ ਸਨ। ਬਾਬਾ ਫਰੀਦ ਖਵਾਜਾ ਕੁਤੁਬਦੀਨ ਬਖਤਿਆਰ ਕਾਕੀ ਦੇ ਮੁਰੀਦ ਬਣ ਗਏ ਜਿਹੜੇ ਆਪ ਖਵਾਜਾ ਮੁਅਈ-ਉ-ਦੀਨ ਚਿਸ਼ਤੀ ਦੇ ਚੇਲੇ ਸਨ। ਬਾਬਾ ਫਰੀਦ 15 ਅਕਤੂਬਰ 1265 ਨੂੰ ਪਾਕਪਟਨ ਵਿਚ ਪੂਰੇ ਹੋਏ। ਅਸਾਂ ਬਾਬਾ ਫਰੀਦ ਬਾਰੇ ਰਤਾ ਕੁ ਵਿਸਥਾਰ ਦੇਣਾ ਇਸ ਲਈ ਜ਼ਰੂਰੀ ਸਮਝਿਆ ਹੈ ਕਿਉਂਕਿ ਆਪ ਦੀ ਬਾਣੀ ਨੂੰ ਗੁਰੂ ਸਾਹਿਬ ਵਲੋਂ ਦਿੱਤੇ ਆਦਰ ਸਦਕਾ ਆਪ ਗੁਰੂ-ਲਹਿਰ ਨਾਲ ਸਬੰਧਤ ਪਹਿਲੇ ਸੂਫੀ ਫਕੀਰ ਹੋਏ ਹਨ।

ਬੇਸ਼ਕ ਮੁਢਲੇ ਦੌਰ ਵਿਚ ਸੂਫੀਆਂ ਨੇ ਇਸਲਾਮ ਦਾ ਪਰਚਾਰ ਕੀਤਾ ਪਰ ਮਗਰੋਂ ਜਾ ਕੇ ਬਹੁਤ ਸਾਰੇ ਸੂਫੀਆਂ ਨੇ ਮਿਸ਼ਨਰੀਆਂ ਵਾਲਾ ਕੰਮ ਛੱਡ ਦਿੱਤਾ ਅਤੇ ਉਹ ਦੇਸ਼ ਦੀਆਂ ਵੱਖ ਵੱਖ ਚਿੰਤਨ ਪ੍ਰਣਾਲੀਆਂ ਅਤੇ ਦਾਰਸ਼ਨਿਕ ਮੱਤਾਂ ਦੇ ਅਧਿਐਨ ਵਿਚ ਰੁਝ ਗਏ। ਮੀਆਂ ਮੀਰ, ਸ਼ਹਿਜ਼ਾਦਾ ਦਾਰਾ ਸ਼ਕੋਹ, ਅਬੁਅਲ ਫਜ਼ਲ ਅਤੇ ਫਯਾਜ਼ੀ ਇਸੇ ਵਰਗ ਵਿਚ ਆਉਣ ਵਾਲੇ ਸੂਫੀ ਹਨ। ਇਹਨਾਂ ਫਕੀਰਾਂ ਨੇ ਆਪਣੇ ਧਰਮ ਦੀ ਸਰਬ-ਸ੍ਰੇਸ਼ਟਤਾ ਅੱਗੇ ਸਵਾਲੀਆ ਨਿਸ਼ਾਨ ਲਾਉਣਾ ਸ਼ੁਰੂ ਕਰ ਦਿੱਤਾ ਜਾਂ ਸਗੋਂ ਉਸ ਦੀ ਪ੍ਰਮਾਣਿਕਤਾ ਤੋਂ ਇਨਕਾਰੀ ਹੋ ਗਏ। ਸ਼ਹਿਨਸ਼ਾਹ ਅਕਬਰ ਇਸ ਗੱਲ ਦੀ ਇਕ ਹੋਰ ਮਿਸਾਲ ਹੈ। ਇਸਲਾਮ ਦੀ ਸਰਵ-ਸ੍ਰੇਸ਼ਟਤਾ ਵਿਚ ਉਸ ਦਾ ਵਿਸ਼ਵਾਸ਼ ਏਨਾ ਡੋਲ ਗਿਆ ਸੀ ਕਿ ਉਸ ਨੇ ਇਕ ਨਵਾਂ ਮਜ਼੍ਹਬ, ਦੀਨ-ਇ-ਇਲਾਹੀ, ਚਲਾਉਣ ਦਾ ਜਤਨ ਕੀਤਾ ਸੀ। ਗੁਰੂ ਲਹਿਰ ਅਤੇ ਸਿੱਖ ਲਹਿਰ ਨਾਲ ਸੂਫੀਆਂ ਦੇ ਡੂੰਘੇ ਸੰਬੰਧਾਂ ਦੀ ਬੁਨਿਆਦ ਵੀ ਉਹਨਾਂ ਦੇ ਇਸੇ ਸੰਕਲਪ ਵਿਚ ਵੇਖੀ ਜਾ ਸਕਦੀ ਹੈ। ਬਾਬਾ ਫਰੀਦ ਤੋਂ ਮਗਰੋਂ ਜਿਸ ਮਹਾਨ ਸੂਫੀ ਸੰਤ ਦਾ ਨਾਂ ਗੁਰੂ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰਖਦਾ ਹੈ ਉਹ ਹੈ ਹਜ਼ਰਤ ਮੀਆਂ ਮੀਰ।

## ਕਾਦਰੀ ਸੂਫੀ

ਹਜ਼ਰਤ ਮੀਆਂ ਮੀਰ ਦਾ ਸੰਬੰਧ ਸੂਫੀਆਂ ਦੇ ਕਾਦਰੀ ਸਿਲਸਲੇ ਨਾਲ ਹੈ। ਇਸ ਸਿਲਸਲੇ ਦਾ ਮੋਢੀ ਜਿਲਾਨ (ਬਗ਼ਦਾਦ) ਦਾ ਵਾਸੀ ਸ਼ੇਖ ਅਬਦੁਲ

Sri Satguru Jagjit Singh Ji eLibrary NamdhariElibrary@gmail.com



ਕਾਦਰ (1087-1106 ਈਸਵੀ) ਸੀ ਜਿਸ ਦੀ ਖਾਨਗਾਹ ਬਗ਼ਦਾਦ ਵਿਚ ਹੈ ਅਤੇ ਜਿਹੜਾ ਪੀਰ ਦਸਤਗੀਰ ਕਰਕੇ ਵੀ ਜਾਣਿਆ ਜਾਂਦਾ ਹੈ। ਏਸ਼ੀਆ ਦੇ ਸੁੰਨੀ ਮੁਸਲਮਾਨਾਂ ਵਿਚ ਇਹ ਸੂਫੀ ਸਿਲਸਲਾ ਬਹੁਤ ਹੀ ਹਰਮਨ-ਪਿਆਰਾ ਹੈ। ਇੱਕ ਮੱਤ ਅਨੁਸਾਰ ਹਿੰਦੁਸਤਾਨ ਵਿਚ ਇਸ ਸਿਲਸਲੇ ਦੀ ਜਾਣ ਪਛਾਣ ਕਰਾਈ ਸਹਿਨਸ਼ਾਹ ਅਕਬਰ ਦੇ ਰਾਜ ਵਿਚ ਗ਼ਾਲਬਨ ਉਹਨਾਂ ਅਰਬ ਵਪਾਰੀਆਂ ਨੇ ਜਿਹੜੇ ਆਪਣਾ ਮਾਲ ਲੈ ਕੇ ਸੂਰਤ ਅਤੇ ਖੰਬਾਇਤ ਦੀਆਂ ਬੰਦਰਗਾਹਾਂ ਤੇ ਆਇਆ ਕਰਦੇ ਸਨ। ਅੰਗ੍ਰੇਜ਼ੀ ਪੁਸਤਕ "ਸੂਫੀ ਚਿੰਤਕ" ਦੇ ਲੇਖਕ ਐਸ.ਆਰ. ਸ਼ਾਰਧਾ ਅਨੁਸਾਰ ਭਾਰਤ ਵਿਚ ਕਾਦਰੀ ਸਿਲਸਲੇ ਦੀ ਬੁਨਿਆਦ ਰੱਖਣ ਦਾ ਸਿਹਰਾ ਦੱਖਣ ਦੇ ਸ਼ਾਹ ਨਿਆਮਤ ਉੱਲਾ ਦੇ ਸਿਰ ਬੱਝਦਾ ਹੈ। ਮੁਗਲ ਕਾਲ ਦੀ ਇਕ ਹੋਰ ਉਘੀ ਸ਼ਖਸੀਅਤ, ਦਿੱਲੀ ਦੇ ਸ਼ੇਖ਼ ਅਬਦੁਲ ਹੱਕ ਵਲੋਂ ਇਸ ਮੱਤ ਦੀ ਹਮਾਇਤ ਸਦਕਾ ਇਸ ਦੀ ਪ੍ਰਸਿਧੀ ਵਿਚ ਬੜਾ ਵਾਧਾ ਹੋਇਆ। ਸ਼ੇਖ ਅਬਦੁਲ ਹੱਕ ਅਕਬਰ ਤੇ ਜਹਾਂਗੀਰ ਦਾ ਸਮਕਾਲੀ ਸੀ ਅਤੇ ਹਿੰਦੁਸਤਾਨ ਵਿਚ ਪੈਦਾ ਹੋਣ ਵਾਲੇ ਮਹਾਨਤਮ ਧਾਰਮਿਕ ਵਿਦਵਾਨਾਂ ਵਿਚੋਂ ਇੱਕ ਸਮਝਿਆ ਜਾਂਦਾ ਸੀ।

ਉਤਰੀ ਭਾਰਤ ਵਿਚ ਇਸ ਦੇ ਪਸਾਰ ਵਿਚ ਅਹਿਮ ਹਿੱਸਾ ਪਾਇਆ ਤੇ ਪੰਜਾਬ ਵਿਚ ਕਾਦਰੀ ਸਿਲਸਲੇ ਦੀ ਜੜ੍ਹ ਲਾਈ ਸਈਅਦ ਗ਼ੌਸ ਵਾਲਾ ਪੀਰ ਉਰਫ ਮਖਦੂਮ ਮੁਹੰਮਦ ਜਿਲਾਨੀ ਨੇ ਜਿਹੜਾ ਇਸ ਦੇ ਬਾਨੀ ਅਬਦੁਲ ਕਾਦਰ ਜਿਲਾਨੀ ਤੋਂ ਮਗਰੋਂ ਦਸਵੀਂ ਪੀੜ੍ਹੀ ਵਿਚੋਂ ਸੀ। ਉਹ 1482 ਈਸਵੀ ਵਿਚ ਲਾਹੌਰ ਦੇ ਰਸਤੇ ਉੱਚ ਪਹੁੰਚਾ। ਸੂਬਾ ਸਿੰਧ ਵਿਚ ਉੱਚ ਨਾਂ ਦੀ ਥਾਂ ਕਾਦਰੀ ਸਿਲਸਲੇ ਦਾ ਗੜ੍ਹ ਸੀ। ਇਥੇ ਪੁਜਣ ਤੋਂ ਪਹਿਲਾਂ ਹੀ ਉਸ ਦਾ ਨਾਂ ਉੱਚ ਤੇ ਹਿੰਦੁਸਤਾਨ ਦੇ ਦੂਜੇ ਇਲਾਕਿਆਂ ਵਿਚ ਬੜਾ ਪ੍ਰਸਿਧ ਹੋ ਚੁੱਕਾ ਸੀ। ਕਹਿੰਦੇ ਹਨ ਕਿ ਸੁਲਤਾਨ ਸਿੰਕਦਰ ਲੋਧੀ ਸਈਅਦ ਗ਼ੌਸ ਵਾਲਾ ਪੀਰ ਦਾ ਸ਼ਰਧਾਲੂ ਬਣ ਗਿਆ ਸੀ। ਕਾਦਰੀ ਸਿਲਸਲਾ ਏਨੀ ਤੇਜ਼ੀ ਨਾਲ ਫੈਲਿਆ ਕਿ ਇੱਕ ਸੌ ਸਾਲ ਦੇ ਅੰਦਰ ਅੰਦਰ ਕਾਦਰੀ ਸੂਫੀਆਂ ਦੀ ਗਿਣਤੀ ਚਿਸ਼ਤੀਆਂ ਤੇ ਸੁਹਰਾਵਰਦੀਆਂ ਨਾਲੋਂ ਕਈ ਗੁਣਾ ਵਧ ਹੋ ਗਈ। ਇਸ ਸਿਲਸਲੇ ਦੀਆਂ ਅੱਗੋਂ ਵੀਹ ਤੋਂ ਵਧ ਉਪ-ਸ਼ਾਖਾਵਾਂ ਬਣ ਗਈਆਂ ਜਿਨ੍ਹਾਂ ਵਿਚੋਂ ਪੰਜਾਬ ਨਾਲ ਜੁੜੀਆਂ ਉਘੀਆਂ ਉਪ-ਸ਼ਾਖਾਵਾਂ ਸਨ- (1) ਬਹਿਲੋਲ ਸ਼ਾਹੀ, (2) ਮੁਕੀਮ ਸ਼ਾਹੀ, (3) ਕਾਸਿਮ ਸ਼ਾਹੀ, (4) ਹੁਸੈਨ ਸ਼ਾਹੀ ਅਤੇ (5) ਮੀਆਂ ਖੇਲ ਸ਼ਾਹੀ

Sri Satguru Jagjit Singh Ji eLibrary NamdhariElibrary@gmail.com



ਆਦਿ। ਹੁਸੈਨ ਸ਼ਾਹੀ ਕਾਦਰੀ ਸੰਪਰਦਾਇ ਦੀ ਬੁਨਿਆਦ ਉਸੇ ਸ਼ਾਹ ਹੁਸੈਨ ਨੇ ਰੱਖੀ ਜਿਹੜਾ ਪੰਜਾਬੀ ਦਾ ਬੜਾ ਉੱਘਾ ਸੂਫੀ ਸ਼ਾਇਰ ਹੋਇਆ ਹੈ ਤੇ ਜਿਸ ਦੀਆਂ ਭਾਵੁਕ ਰਸਿਕਤਾ ਵਿਚ ਡੁੱਬੀਆਂ ਕਾਫੀਆਂ ਵਿਚੋਂ ਬ੍ਰਿਹਾ ਦੀ ਸਿੱਕ ਤੇ ਬਿਹਬਲਤਾ ਅਤੇ ਵੈਰਾਗ ਦੀ ਪੀੜਾ ਦੀ ਹੂਕ ਉਠਦੀ ਹੈ। ਗੁਰਬਿਲਾਸ ਪਾਤਸ਼ਾਹੀ 6 ਅਨੁਸਾਰ ਛੱਜੂ, ਕਾਨ੍ਹਾ ਤੇ ਪੀਲੂ ਦੇ ਨਾਲ ਸ਼ਾਹ ਹੁਸੈਨ ਵੀ ਆਪਣਾ ਕਲਾਮ ਲੈ ਕੇ ਗੁਰੂ ਅਰਜਨ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ ਪਰ ਬਾਕੀਆਂ ਵਾਂਗ ਹੀ ਇਹਦੀ ਰਚਨਾ ਵੀ ਆਦਿ ਗ੍ਰੰਥ ਵਿਚ ਚਾੜ੍ਹੀ ਨਹੀਂ ਸੀ ਗਈ।

## ਮੀਆਂ ਮੀਰ ਦਾ ਯੋਗਦਾਨ

ਮੀਆਂ ਖੇਲ ਕਾਦਰੀ ਸਿਲਸਲੇ ਦੀ ਬੁਨਿਆਦ ਮੀਰ ਮੁਹੰਮਦ ਅਥਵਾ ਮੀਆਂ ਮੀਰ ਨੇ ਰੱਖੀ। ਪੰਜਾਬ ਦੇ ਕਾਦਰੀ ਸੂਫੀਆਂ ਵਿਚ ਮੀਆਂ ਮੀਰ ਦਾ ਦਰਜਾ ਬੜਾ ਉੱਚਾ ਹੈ। ਸ਼ਹਿਜ਼ਾਦਾ ਦਾਰਾ ਸ਼ਕੋਹ ਉਹਨਾਂ ਦਾ ਬੜਾ ਕਦਰਦਾਨ ਸੀ ਤੇ ਉਨ੍ਹਾਂ ਦਾ ਚੇਲਾ ਬਣਨਾ ਚਾਹੁੰਦਾ ਸੀ। ਪਰ ਇਸ ਤੋਂ ਪਹਿਲਾਂ ਕਿ ਉਹ ਮੀਆਂ ਮੀਰ ਨੂੰ ਆਪਣਾ ਗੁਰੂ ਧਾਰਨ ਕਰਦਾ, ਮੀਆਂ ਮੀਰ ਅੱਲਾ ਨੂੰ ਪਿਆਰੇ ਹੋ ਗਏ। ਉਸ ਤੋਂ ਪਿਛੋਂ ਦਾਰਾ ਸ਼ਿਕੋਹ ਮੀਆਂ ਮੀਰ ਦੇ ਚੇਲੇ ਖਲੀਫਾ ਮੁੱਲਾ ਸ਼ਾਹ ਬਦੱਖਸ਼ਾਨੀ ਦਾ ਮੁਰੀਦ ਬਣਿਆ। ਇਹ 1639 ਈਸਵੀ ਦੀ ਗੱਲ ਹੈ। ਮੁੱਲਾ ਸ਼ਾਹ ਬਦਖ਼ਸ਼ਾਨੀ ਓਹਨੀ ਦਿਨੀਂ ਕਸ਼ਮੀਰ ਵਿਚ ਰਿਹਾ ਕਰਦਾ ਸੀ।

ਮੀਆਂ ਮੀਰ 17ਵੀਂ ਸਦੀ ਦੇ ਉਹਨਾਂ ਮੁਸਲਮਾਨ ਸੰਤਾਂ ਅਤੇ ਚਿੰਤਕਾਂ ਵਿਚੋਂ ਇੱਕ ਹਨ ਜਿਹੜੇ ਵਹਿਦਤ-ਉਲ-ਵਜੂਦ (ਅਤਵੈਦਵਾਦ) ਦੇ ਸਿਧਾਂਤ ਦੇ ਜ਼ੋਰਦਾਰ ਸਮਰਥਕ ਸਨ ਜਿਹੜਾ ਇਬਨ-ਉਲ-ਅਰਾਬੀ (1165-1240 ਈਸਵੀ) ਨੇ ਪੇਸ਼ ਕੀਤਾ ਸੀ। ਚਿੰਤਨਸ਼ੀਲ ਰਹੱਸਵਾਦ ਅਤੇ ਅਧਿਆਤਮੀ-ਧਾਰਮਿਕ ਵਿਚਾਰ ਪ੍ਰਣਾਲੀ ਦੇ ਵਿਕਾਸ ਵਿਚ ਨਿੱਘਰ ਯੋਗਦਾਨ ਪਾਉਣ ਵਾਲੇ ਮੀਆਂ ਮੀਰ ਦੇ ਹੋਰ ਸਮਕਾਲੀਆਂ ਵਿਚ ਸ਼ੇਖ਼ ਮੁਹੀਬ-ਉਲਾ (1587-1648) ਅਤੇ ਸਰਮਦ (ਵਫਾਤ 1660-61) ਦੇ ਨਾਂ ਵਰਣਨਯੋਗ ਹਨ। ਇਹ ਸਭ ਸੂਫੀ ਸੰਤ ਸੱਚ ਦੇ ਢੂੰਡਾਊਆਂ ਲਈ ਪ੍ਰਭੂ ਪ੍ਰੇਮ ਅਤੇ ਪਰਮਾਰਥ ਨੂੰ ਸਭ ਤੋਂ ਉੱਚਾ ਸਥਾਨ ਦੇਂਦੇ ਸਨ। ਇਹ ਵਿਚਾਰ ਗੁਰੂ ਸਾਹਿਬਾਨ ਦੇ ਵਿਚਾਰਾਂ ਨਾਲ ਮੇਲ ਖਾਂਦੇ ਸਨ। ਵਿਚਾਰਾਂ ਤੇ ਉਦੇਸ਼ਾਂ ਦੀ ਇਸ ਨੇੜਤਾ ਕਾਰਨ ਹੀ ਮੁਸਲਮਾਨ

Sri Satguru Jagjit Singh Ji eLibrary NamdhariElibrary@gmail.com



ਸੂਫੀਆਂ ਅਤੇ ਸਿੱਖ ਗੁਰੂਆਂ ਵਿਚਕਾਰ ਦੋਸਤਾਨਾ ਸੰਬੰਧ ਕਾਇਮ ਹੋਏ ਅਤੇ ਇਹਨਾਂ ਸੰਬੰਧਾਂ ਦਾ ਪੰਜਾਬ ਵਿਚ ਇਕ ਨਵੀਂ ਕਿਸਮ ਦੇ ਸਰਬ-ਸਾਂਝੇ ਸਭਿਆਚਾਰ ਦੀ ਸਿਰਜਣਾ ਵਿਚ ਬੜਾ ਵੱਡਾ ਯੋਗਦਾਨ ਰਿਹਾ ਹੈ।

## ਗੁਰੂ ਅਰਜਨ ਸਾਹਿਬ ਨਾਲ ਮੇਲ

ਮੀਆਂ ਮੀਰ ਨੇ ਲਾਹੌਰ ਵਿਚ ਡੇਰਾ ਲਾਇਆ ਕਿ ਉਹ ਸਭ ਲਾਹੌਰੀਆਂ ਦੇ ਧਿਆਨ ਦਾ ਕੇਂਦਰ ਬਣ ਗਿਆ। ਮੀਆਂ ਮੀਰ ਬੜਾ ਮਿਲਣਸਾਰ ਸੀ। ਉਸ ਦੇ ਹਿਰਦੇ ਵਿਚੋਂ ਮਾਨਵ ਪਿਆਰ ਡੁਲ੍ਹ ਡੁਲ੍ਹ ਪੈਂਦਾ ਸੀ। ਇਹ ਠੀਕ ਹੈ ਕਿ ਹੋਰ ਸੂਫੀਆਂ ਵਾਂਗ ਉਹ ਵੀ ਇਕਾਂਤ ਪਸੰਦ ਬੰਦਾ ਸੀ ਪਰ ਇਸ ਦੇ ਬਾਵਜੂਦ ਸਭ ਧਰਮਾਂ ਤੇ ਜਾਤਾਂ ਵਰਗਾਂ ਦੇ ਲੋਕ ਉਸ ਦੇ ਦਰਸ਼ਨ ਨੂੰ ਆਉਂਦੇ ਸਨ। ਵਿਦਵਾਨ, ਸੂਫੀ, ਜੋਗੀ, ਸਨਿਆਸੀ ਤੇ ਸਾਧੂ ਉਹਦੇ ਡੇਰੇ ਬੈਠੇ ਵਿਚਾਰਾਂ ਕਰਦੇ ਰਹਿੰਦੇ ਅਤੇ ਉਥੇ ਬੌਧਿਕਤਾ ਦਾ ਇਕ ਵਾਤਾਵਰਨ ਬਣਿਆ ਰਹਿੰਦਾ। ਹਰੀ ਰਾਮ ਗੁਪਤਾ ਨੇ ਆਪਣੀ ਅੰਗ੍ਰੇਜ਼ੀ ਪੁਸਤਕ "ਸਿੱਖ ਇਤਿਹਾਸ" ਦੀ ਪਹਿਲੀ ਜਿਲਦ ਵਿਚ ਪੰਨਾ 364 ਉਤੇ ਲਿਖਿਆ ਹੈ ਕਿ ਗੁਰੂ ਅਰਜਨ ਆਪਣੇ ਪਿਤਾ ਦੇ ਜਨਮ ਸਥਾਨ ਦੇ ਦਰਸ਼ਨ ਕਰਨ ਤੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਿਲਣ ਅਕਸਰ ਲਾਹੌਰ ਆਇਆ ਕਰਦੇ ਸਨ। ਇਕ ਵਾਰ ਉਹ ਲਾਹੌਰ ਆਏ ਤੇ ਪੀਰ ਨੂੰ ਮਿਲਣ ਚਲੇ ਗਏ। ਬਸ ਫੇਰ ਕੀ ਸੀ। ਈਸ਼ਵਰ ਦੇ ਦੋ ਭਗਤ ਮਿਲੇ ਤੇ ਸਦਾ ਵਾਸਤੇ ਇਕ-ਦੂਜੇ ਦੇ ਮਿੱਤਰ ਬਣ ਗਏ। ਉਮਰ ਵਿਚ ਮੀਆਂ ਮੀਰ ਗੁਰੂ ਅਰਜਨ ਨਾਲੋਂ ਤੇਰਾਂ ਸਾਲ ਵੱਡਾ ਸੀ।

"ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ" ਸਿੱਖ ਮੱਤ ਦਾ ਇਕ ਬੁਨਿਆਦੀ ਸਿਧਾਂਤ ਰਿਹਾ ਹੈ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਭ ਗੁਰੂ ਵਿਅਕਤੀਆਂ ਵਲੋਂ "ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ" ਦੀ ਸਿੱਖਿਆ ਹੀ ਦਿੱਤੀ ਜਾਂਦੀ ਰਹੀ ਹੈ ਅਤੇ ਇਹ ਸਿੱਖਿਆ ਸਿਧਾਂਤ ਤੋਂ ਵਿਹਾਰ ਦੀ ਪੱਧਰ ਤੱਕ ਅਮਲ ਵਿਚ ਆਈ ਹੈ। ਗੁਰੂ ਦੇ ਲੰਗਰ ਦੀ ਪ੍ਰਥਾ ਇਸ ਦਾ ਇੱਕ ਰੂਪ ਹੈ ਜਿਥੇ ਛੋਟੇ ਵੱਡੇ, ਰਾਜਾ ਤੇ ਰੰਕ ਸਭ ਇੱਕ ਪੰਗਤ ਵਿਚ ਭੁੰਜੇ ਬੈਠ ਕੇ ਪ੍ਰਸ਼ਾਦ ਛਕਦੇ ਹਨ। ਸਿੱਖ ਧਰਮ-ਅਸਥਾਨ, ਅਰਥਾਤ ਗੁਰਦੁਆਰਿਆਂ ਦੇ ਚਹੁੰ ਦਿਸ਼ਾਵਾਂ ਅਤੇ ਚਹੁੰ ਵਰਣਾਂ ਲਈ ਸਦਾ ਖੁਲ੍ਹੇ ਰਹਿਣ ਵਾਲੇ ਚਾਰ ਦਰਵਾਜ਼ੇ ਇਸੇ ਸਰਬ-ਸਾਂਝੀਵਾਲਤਾ ਦੇ ਪ੍ਰਤੀਕ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ

Sri Satguru Jagjit Singh Ji eLibrary NamdhariElibrary@gmail.com



ਤੇ ਹਿੰਦੂ ਭਗਤਾਂ ਦੇ ਬਰਾਬਰ ਸਤਿਕਾਰ ਦਾ ਸਥਾਨ ਪ੍ਰਾਪਤ ਕਰਨ ਵਾਲੀ ਮੁਸਲਮਾਨ ਫਕੀਰਾਂ ਤੇ ਖਾਸ ਕਰ ਸ਼ੇਖ ਫਰੀਦ ਦੀ ਬਾਣੀ ਦਾ ਜ਼ਿਕਰ ਅਸੀਂ ਕਰ ਚੁੱਕੇ ਹਾਂ। ਮੀਆਂ ਮੀਰ ਤੇ ਗੁਰੂ ਅਰਜਨ ਸਾਹਿਬ ਦੀ ਮਿੱਤਰਤਾ ਸੂਫੀ ਲਹਿਰ ਤੇ ਗੁਰੂ-ਲਹਿਰ ਦੇ ਨਿੱਘੇ ਆਪਸੀ ਸਬੰਧਾਂ ਦੀ ਇਕ ਹੋਰ ਉੱਘੀ ਉਦਾਹਰਣ ਹੈ।

## ਹਰਿਮੰਦਰ ਦੀ ਨੀਂਹ ਰੱਖੀ

ਸਿੱਖ ਲੋਕ-ਧਾਰਾ ਵਿਚ ਇਹ ਗੱਲ ਬਹੁਤ ਪ੍ਰਚਲਤ ਹੈ ਕਿ ਜਦੋਂ ਸਭਨਾਂ ਧਰਮਾਂ, ਜਾਤਾਂ ਤੇ ਵਰਗਾਂ ਦੇ ਲੋਕਾਂ ਲਈ ਖੁੱਲ੍ਹਾ ਰਹਿਣ ਵਾਲਾ ਹਰਿਮੰਦਰ ਸਾਹਿਬ ਉਸਾਰਨ ਦੀ ਗੁਰੂ ਅਰਜਨ ਦੇਵ ਨੇ ਸੋਚੀ ਤਾਂ ਇਸ ਦਾ ਨੀਂਹ ਪੱਥਰ ਰਖਣ ਲਈ ਮੀਆਂ ਮੀਰ ਨੂੰ ਸੱਦਿਆ ਗਿਆ ਸੀ। ਬਹੁਤ ਸਾਰੇ ਇਤਿਹਾਸਕਾਰਾਂ, ਸਿੱਖ ਵਿਦਵਾਨਾਂ ਤੇ ਲੇਖਕਾਂ ਨੇ ਇਸ ਧਾਰਨਾ ਨੂੰ ਆਪਣੀਆਂ ਲਿਖਤਾਂ ਵਿਚ ਸਵੀਕਾਰ ਕੀਤਾ ਹੈ। ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ ਵਿਚ ਇਸ ਧਾਰਨਾ ਨੂੰ ਪ੍ਰਮਾਣਿਤ ਕੀਤਾ ਹੈ। ਉਸਨੇ ਆਪਣੀ ਪੁਸਤਕ History of the Sikhs, ਜਿਲਦ ਪਹਿਲੀ ਦੇ ਪੰਨਾ 364-65 ਉਤੇ ਬੜੇ ਵਿਸਥਾਰ ਨਾਲ ਇਸ ਦੀ ਚਰਚਾ ਕੀਤੀ ਹੈ। ਕਰਤਾਰ ਸਿੰਘ ਦੁੱਗਲ ਨੇ ਆਪਣੀ ਅੰਗ੍ਰੇਜ਼ੀ ਪੁਸਤਕ "ਸਿੱਖ ਗੁਰੂ" ਦੇ ਪੰਨਾ 108 ਉਤੇ ਲਿਖਿਆ ਹੈ, "ਹਰਿਮੰਦਰ ਦਾ ਨੀਂਹ ਪੱਥਰ ਰੱਖਣ ਲਈ ਗੁਰੂ ਨੇ ਲਾਹੌਰ ਦੇ ਮੁਸਲਮਾਨ ਫਕੀਰ, ਮੀਆਂ ਮੀਰ ਨੂੰ ਬੁਲਾਇਆ। "ਅਨਿਲ ਚੰਦਰ ਬੈਨਰਜੀ ਨੇ ਆਪਣੀ ਅੰਗ੍ਰੇਜ਼ੀ ਪੁਸਤਕ "ਸਿੱਖ ਗੁਰੂ ਤੇ ਸਿੱਖ ਧਰਮ" ਦੇ ਪੰਨਾ 182 ਉਤੇ ਲਿਖਿਆ ਹੈ ਕਿ ਸਿੱਖ ਧਰਮ ਦੇ ਅਸੰਪਰਦਾਇਕ ਚਰਿੱਤਰ ਦਾ ਪਤਾ ਇਸ ਗੱਲ ਤੋਂ ਲਗਦਾ ਹੈ "ਕਿ ਗੁਰੂ ਅਰਜਨ ਨੇ ਹਰਿਮੰਦਰ ਦਾ ਨੀਂਹ ਪੱਥਰ ਰਖਣ ਲਈ ਲਾਹੌਰ ਤੋਂ ਕਾਦਰੀ ਸੂਫੀ ਸੰਤ, ਮੀਆਂ ਮੀਰ ਨੂੰ ਸੱਦ ਭੇਜਿਆ ਸੀ।" ਮਹਿੰਦਰ ਕੌਰ ਗਿਲ ਨੇ ਆਪਣੀ ਪੁਸਤਕ "ਗੁਰੂ ਅਰਜਨ ਦੇਵ: ਜੀਵਨੀ ਤੇ ਬਾਣੀ" ਦੇ ਪੰਨਾ 23 ਉਤੇ ਲਿਖਿਆ ਹੈ, "ਪਹਿਲੀ ਮਾਘ ਸੰ. 1649 ਬਿ. ਨੂੰ ਤਾਲ ਦੇ ਮਧ ਗੁਰੂ ਅਰਜਨ ਦੇਵ ਨੇ ਸੂਫੀ ਫਕੀਰ ਮੀਆਂ ਮੀਰ ਪਾਸੋਂ ਹਰਿਮੰਦਰ ਦੀ ਨੀਂਹ ਰਖਾਈ। ਇਥੇ ਸੰਮਤ 1645 ਦੀ ਥਾਂ ਸ਼ਾਇਦ ਗਲਤੀ ਨਾਲ 1649 ਲਿਖ ਦਿੱਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਕਾਸ਼ਨਾ, ਡਾ. ਮਹਿੰਦਰ ਸਿੰਘ ਵਲੋਂ ਲਿਖਤ "ਇਤਿਹਾਸ ਸ੍ਰੀ

Sri Satguru Jagjit Singh Ji eLibrary NamdhariElibrary@gmail.com



ਹਰਿਮੰਦਰ ਸਾਹਿਬ" ਦੇ ਪੰਨਾ 16 ਉਪਰ ਲਿਖਿਆ ਹੈ, "ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੇ ਵਿਚਕਾਰ ਹਰਿਮੰਦਰ ਦੀ ਨੀਂਹ ਮਾਘ ਦੀ ਸੰਗਰਾਂਦ ਸੰਮਤ 1645 (ਜਨਵਰੀ 1588 ਈਸਵੀ) ਨੂੰ ਮੁਸਲਮਾਨ ਫਕੀਰ ਮੀਆਂ ਮੀਰ ਪਾਸੋਂ ਰਖਵਾਈ ਜੋ ਗੁਰੂ ਸਾਹਿਬ ਦਾ ਪਰਮ ਮਿੱਤਰ ਤੇ ਸ਼ਰਧਾਲੂ ਸੀ।" ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰੀਸਰਚ ਬੋਰਡ ਦੀ ਪ੍ਰਕਾਸ਼ਨਾ (1977) ਸਿੱਖ ਇਤਿਹਾਸ ਰੀਸਰਚ ਬੋਰਡ ਦੇ ਇਨਚਾਰਜ, ਜੰਗ ਸਿੰਘ ਗਿਆਨੀ ਲਿਖਿਤ "ਅੰਮ੍ਰਿਤਸਰ ਸਿਫਤੀ ਦਾ ਘਰੁ"ਦੇ ਪੰਨਾ 29 ਉਤੇ ਲਿਖਿਆ ਹੈ, "ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਸਮੇਂ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕੀਤੀ ਗਈ। ਪਹਿਲਾਂ ਇਕ ਬਹੁਤ ਵੱਡਾ ਧਾਰਮਿਕ ਸੰਮੇਲਨ ਹੋਇਆ ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਾਜਣਾ ਦੇ ਮਨੋਰਥਾਂ ਉਤੇ ਚਾਨਣਾ ਪਾਇਆ। ਉਪਰੰਤ ਬਾਬਾ ਬੁਢਾ ਜੀ ਨੇ ਅਰਦਾਸ ਕੀਤੀ। ਸਾਈਂ ਮੀਆਂ ਮੀਰ ਜੀ ਨੇ ਨੀਂਹ ਰੱਖਣ ਦੀ ਰਸਮ ਅਦਾ ਕੀਤੀ। ਪ੍ਰਿੰਸੀਪਲ ਸਤਬੀਰ ਸਿੰਘ ਨੇ ਆਪਣੀ ਪੁਸਤਕ "ਦਰਵੇਸ਼ੀ ਗਾਖੜੀ" ਦੇ ਪੰਨਾ 48 ਉਤੇ ਲਿਖਿਆ ਹੈ, "ਜਦ ਗੁਰੂ ਅਰਜਨ ਦੇਵ ਜੀ ਨੇ 'ਹਰਿ ਜਪੇ ਹਰਿ ਮੰਦਰੁ ਸਾਜਿਆ' ਦਾ ਫੈਸਲਾ ਕੀਤਾ ਤਾਂ ਗਿਆਨੀ ਗਿਆਨ ਸਿੰਘ ਜੀ ਦੇ ਲਿਖੇ ਅਨੁਸਾਰ ਤਿੰਨ ਜਨਵਰੀ 1588 ਨੂੰ "ਮੀਆਂ ਮੀਰ ਤੇ ਨੀਉਂ ਰਖਾਈ।" ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਦੇ ਪੰਨੇ 973 ਉਤੇ ਇਹ ਪੰਗਤੀਆਂ ਆਉਂਦੀਆਂ ਹਨ:-

"ਹੈ ਫੁਰਯੋ ਪੰਚਮ ਗੁਰੂ ਕਾ ਯਹਿ ਵਾਕਯ ਜਾਨੋ ਠੀਕ ਹੀ।
ਜਬ ਲਗੇ ਥੇ ਨਿਉਂ ਧਰਨ ਮੀਆਂ ਮੀਰ ਆਯੋ ਥਾ ਯਹੀ।
ਤਿਸ ਸੰਗ ਸ਼ਾਹ ਹੁਸੈਨ ਛੱਜੂ ਆਦਿ ਭਗਤ ਜੁਥੇ ਅਏ।
ਥਾ ਬ੍ਰਿਧ ਮੀਆਂ ਮੀਰ ਗੁਰੂ ਕਾ ਮੀਤ ਅਤਿ ਸੈ ਮਨਦਏ।"

ਇਸ ਪ੍ਰਕਾਰ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਦੁਆਰਾ ਰੱਖੇ ਜਾਣ ਦੀ ਧਾਰਨਾ ਸਿੱਖ ਵਿਦਵਾਨਾਂ, ਧਰਮ ਪਰਚਾਰਕਾਂ ਤੇ ਸਿੱਖ ਸੰਗਤਾਂ ਵਿਚ ਬੜੀਆਂ ਡੂੰਘੀਆਂ ਜੜ੍ਹਾਂ ਫੜ ਚੁੱਕੀ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਨੀਂਹ ਰੱਖਣ ਦੇ ਸਿਲਸਲੇ ਵਿਚ ਕੋਈ ਗੱਲ ਨਹੀਂ ਕੀਤੀ ਪਰ ਗੁਰੂ ਅਰਜਨ ਦੇਵ ਜੀ ਦੀ "ਸਰਬ ਪ੍ਰਿਯ ਹਸਤੀ" ਦਾ ਜ਼ਿਕਰ ਕਰਦਿਆਂ ਸ੍ਰੀ ਅਸ਼ਟ ਗੁਰੂ ਚਮਤਕਾਰ ਦੇ ਪੰਨਾ 81

ਉਤੇ ਜਿਹੜਾ ਫੁਟ ਨੋਟ ਦਿੱਤਾ ਹੈ ਉਸ ਤੋਂ ਮੀਆਂ ਮੀਰ ਦੀ ਅਜ਼ਮਤ ਦਾ ਵੀ ਪਤਾ ਲਗਦਾ ਹੈ ਤੇ ਗੁਰੂ ਸਾਹਿਬ ਨਾਲ ਉਹਨਾਂ ਦੇ ਸੰਬੰਧਾਂ ਵੱਲ ਵੀ ਸੰਕੇਤ ਮਿਲਦਾ ਹੈ। ਭਾਈ ਸਾਹਿਬ ਲਿਖਦੇ ਹਨ, "ਜੈਸਾ ਕਿ ਮੀਆਂ ਮੀਰ ਵਰਗੇ ਮੁਸਲਿਮ ਫਕੀਰ ਵੀ (ਗੁਰੂ ਜੀ ਦਾ) ਸਨਮਾਨ ਕਰਦੇ ਸਨ।"

ਮੁਢਲੇ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਨੇ ਨਹੀਂ ਰੱਖੀ। ਅਸਲ ਵਿਚ ਸਿੱਖ ਇਤਿਹਾਸ ਕਈ ਪੱਖਾਂ ਤੋਂ ਅਧੂਰਾ ਮਿਲਦਾ ਹੈ। ਇਸ ਦੇ ਕਈ ਕਾਰਨ ਹਨ। ਆਰੀਆ ਜਾਤੀ ਦੇ ਲੋਕਾਂ ਦਾ ਆਪਣੇ ਇਤਿਹਾਸ ਵੱਲ ਲਾਪ੍ਰਵਾਹੀ ਵਾਲਾ ਰਵੱਈਆ ਇੱਕ ਕਾਰਨ ਹੈ। ਸਾਡੇ ਲਈ ਪ੍ਰਚਲਤ ਦੰਦ-ਕਥਾ ਇਤਿਹਾਸਕ ਤੱਥ ਨਾਲੋਂ ਵਧੇਰੇ ਬਲਵਾਨ ਹੈ।

ਵੈਸੇ ਇਤਿਹਾਸਕਾਰਾਂ ਵਿਚ ਇਕ ਤੀਜਾ ਨਜ਼ਰੀਆ ਵੀ ਲਭਦਾ ਹੈ ਜਿਹੜਾ ਨਾ ਇਸ ਤੱਥ ਉਤੇ ਪ੍ਰਵਾਨਗੀ ਦੀ ਮੋਹਰ ਲਾਉਂਦਾ ਹੈ ਅਤੇ ਨਾ ਹੀ ਇਸ ਨੂੰ ਰੱਦ ਕਰਦਾ ਲੱਭਦਾ ਹੈ। A Popular Dictionary of Sikhism ਵਿਚ ਪੰਨਾ 107 ਉਤੇ ਮੀਆਂ ਮੀਰ ਬਾਰੇ ਲਿਖਿਆ ਹੈ, ਉਹ ਪੰਜਵੇਂ ਗੁਰੂ ਦਾ ਨਿਕਟਵਰਤੀ ਅਧਿਆਤਮਕ ਸਾਥੀ ਸੀ ਅਤੇ ਮੁਗਲ ਦਰਬਾਰ ਵਿਚ ਬੜਾ ਪ੍ਰਭਾਵ ਰਖਦਾ ਸੀ। ਉਹ 1599 ਈਸਵੀ ਵਿਚ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਣ ਸਮੇਂ ਉਥੇ ਮੌਜੂਦ ਸੀ। ਇਸੇ ਤਰ੍ਹਾਂ ਜ਼ਹੀਰ-ਉ-ਦੀਨ ਮਲਿਕ ਨੇ ਆਪਣੀ ਅੰਗ੍ਰੇਜ਼ੀ ਪੁਸਤਕ The Reign of Mohammad Shah ਦੇ ਪੰਨਾ 348 ਉਤੇ ਲਿਖਿਆ ਹੈ ਕਿ "ਪ੍ਰਮਾਣਿਕ ਸਿੱਖ ਰਵਾਇਤ ਅਨੁਸਾਰ ਮੀਆਂ ਮੀਰ ਗੁਰੂ ਅਰਜਨ ਦੇ ਸੱਦੇ ਉਤੇ, ਅੰਮ੍ਰਿਤਸਰ ਵਿਖੇ ਸਵਰਨ ਮੰਦਰ ਦੀ ਨੀਂਹ ਰੱਖਣ ਦੀ ਰਸਮ ਵਿਚ ਸ਼ਾਮਲ ਹੋਇਆ।" ਸਾਡੀ ਜਾਚੇ ਮੀਆਂ ਮੀਰ ਦੀ ਇਸ ਸਮਾਰੋਹ ਵਿਚ ਸ਼ਮੂਲੀਅਤ ਤੋਂ ਵੀ ਭਾਵਨਾਤਮਕ ਸਾਂਝ ਦੇ ਉਹੋ ਅਰਥ ਉਜਾਗਰ ਹੁੰਦੇ ਹਨ ਜਿਹੜੇ ਉਸ ਦੁਆਰਾ ਨੀਂਹ ਰਖੇ ਜਾਣ ਦੀ ਰਵਾਇਤ ਤੋਂ। ਜੇ ਕੋਈ ਫਰਕ ਰਹਿ ਜਾਂਦਾ ਹੈ ਤਾਂ ਉਹ ਕੇਵਲ ਮਕਾਨਕੀ ਪ੍ਰਕਾਰ ਦਾ ਹੀ ਹੈ। ਕਿਸੇ ਵੀ ਧਰਮ ਜਾਂ ਸਭਿਆਚਾਰ ਦੀਆਂ ਮਿਥਾਂ ਤੇ ਦੰਦ-ਕਥਾਵਾਂ ਦੇ ਮਕਾਨਕੀ ਅਰਥਾਂ ਦਾ ਮਹੱਤਵ ਨਹੀਂ ਹੁੰਦਾ। ਉਸ ਵਿਚੋਂ ਪ੍ਰਾਪਤ ਭਾਵਨਾਵਾਂ ਹੀ ਮੂਲ ਸਰੋਕਾਰ ਦੀ ਵਥ ਹੁੰਦੀਆਂ ਹਨ।

ਹਰਿਮੰਦਰ ਸਾਹਿਬ ਦੀ ਨੀਂਹ ਰੱਖੇ ਜਾਣ ਦੇ ਪ੍ਰਸੰਗ ਦਾ ਇਕ ਹੋਰ ਪੱਖ ਵੀ ਹੈ। ਉਹ ਹੈ ਰਖੀ ਹੋਈ ਇੱਟ ਨੂੰ ਚੁੱਕ ਕੇ ਮਿਸਤਰੀ ਦੁਆਰਾ ਫੇਰ ਟਿਕਾਏ ਜਾਣਾ। ਇਹ ਗੱਲ ਸਿੱਖ ਲੋਕ-ਧਾਰਾ ਵਿਚ ਵੀ ਬੜੀ ਪ੍ਰਚਲਤ ਹੈ ਅਤੇ ਭਾਈ

Sri Satguru Jagjit Singh Ji eLibrary NamdhariElibrary@gmail.com


ਸੰਤੋਖ ਸਿੰਘ ਤੇ ਹੋਰ ਸਿੱਖ ਲੇਖਕਾਂ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ। ਭਾਈ ਸੰਤੋਖ ਸਿੰਘ ਦਾ ਕਥਨ ਹੈ:

ਤਬਿ ਕਾਰੀਗਰ ਨਿਕਟਿ ਸੁ ਹੇਰਿ।
ਹੇਤ ਜਨਾਵਨ ਮਤੀ ਬਡੇਰ॥
ਨਿਜ ਕਰ ਤੇ ਉਠਾਇ ਸੋ ਲੀਨ
ਫੇਰ ਘੇਰ ਘਰਿ ਕਰਿ ਧਰਿ ਦੀਨ
ਸ੍ਰੀ ਅਰਜਨ ਅਵਲੋਕਨ ਕਰਯੋ
'ਕਹਾਂ ਕੀਨ ਤੈਂ? ਬਾਕ ਉਚਰਯੋ
'ਹਮ ਗੁਰਸਿਮਰਿ ਸਮੈਂ ਸ਼ੁਭ ਜਾਨਾ
ਧਰੀ ਈਟ ਹਿਤ ਅਚਲ ਸਥਾਨਾ
ਚਿਨਿਬੇ ਹਾਰ ਆਜ ਤੇ ਪਾਛੇ
ਈਂਟ ਅਪਰ ਜੋ ਧਰਿ ਹੈਂ ਆਛੇਂ
ਤਿਸ ਉਖੇਰ ਪੁਨ ਆਪ ਧਰੈ ਹੈਂ
ਕਾਰੀਗਰਨ ਬਿਖੈ ਅਸ ਹ੍ਵੈ ਹੈਂ
ਇਮ ਦੇ ਸ੍ਰਾਪ ਕਹਯੋ ਗੁਰ ਫ੍ਰੇਰ
'ਅਸ ਕ੍ਰਿਤਿ ਤੇ ਹਮ ਲੀਨ ਸੁ ਹੇਰ
ਜਥਾ ਮਸੰਦਨ ਲਾਯਹੁ ਗਾਰਾ
ਬਹੁਰ ਬਨਹਿ ਸਾਰ-ਸ੍ਰਾਪ ਉਚਾਰਾ।

ਇਸ ਬਾਰੇ ਇਤਨਾ ਕਹਿਣਾ ਹੀ ਕਾਫੀ ਹੈ ਸਿੱਖ ਮਤਿ ਵਿਚ ਸ੍ਰਾਪ ਆਦਿ ਸੰਕਲਪਾਂ ਵਾਸਤੇ ਸਾਡੀ ਜਾਚੇ ਕੋਈ ਥਾਂ ਨਹੀਂ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਰਚਿਤ ਸੂਰਜ ਪ੍ਰਕਾਸ਼ ਦੀ ਸੰਪਾਦਨਾ ਕਰਦਿਆਂ ਪੰਨਾ 1856 ਉਤੇ ਲਿਖਿਆ ਹੈ, "ਸਤਿਗੁਰ ਹਰ ਨਿੱਕੀ ਵੱਡੀ ਗੱਲੇ ਸ੍ਰਾਪ ਨਹੀਂ ਦਿਆ ਕਰਦੇ ਸਨ। ਫ਼ਿਰ ਆਪਣੇ ਸਰੋਵਰ ਤੇ ਮੰਦਰ ਨੂੰ ਸ੍ਰਾਪ ਦੇਣਾ ਅਸੰਭਵ ਹੈ।" ਗਿਆਨੀ ਕ੍ਰਿਪਾਲ ਸਿੰਘ ਜੀ ਤਾਂ ਇਸ ਸ੍ਰਾਪ ਵਾਲੀ ਗੱਲ ਨੂੰ ਮੂਲੋਂ ਹੀ ਰੱਦ ਕਰਦੇ ਹਨ ਪਰ ਭਾਈ ਵੀਰ ਸਿੰਘ ਇਸ ਤੱਥ ਤੋਂ ਮੂਲੋਂ ਇਨਕਾਰੀ ਨਹੀਂ ਭਾਵੇਂ ਅਰਥ ਕੁਝ ਹੋਰ ਲੈਂਦੇ ਹਨ। ਲਿਖਦੇ ਹਨ, "ਕਾਵਿ ਜੀ ਹਿੰਦੂ ਬਜ਼ੁਰਗਾਂ ਦੇ ਤ੍ਰੀਕੇ ਤੇ ਹਰ ਹੋਣਹਾਰ ਦੇ ਅਗੀਮ ਵਾਚਣ ਨੂੰ ਸ੍ਰਾਪ ਕਹਿ ਦੇਂਦੇ ਹਨ। ਕਾਰੀਗਰ ਦੇ ਇੱਟ ਚੁਕਣ ਤੋਂ ਸਤਿਗੁਰਾਂ ਨੇ ਭਵਿੱਖਤ ਵਾਕ ਕਿਹਾ ਹੈ ਕਿ ਇਸ ਤੇ ਸਹੀ ਹੋਇਆ ਕਿ ਮੰਦਰ ਇਕ ਵੇਰ ਢਹਿ ਕੇ ਫਿਰ ਉਸਰੇਗਾ।"

Sri Satguru Jagjit Singh Ji eLibrary NamdhariElibrary@gmail.com



ਸਿੱਖ ਬੁਧੀਮਾਨ ਗਿਆਨੀ (ਡਾਕਟਰ) ਭਜਨ ਸਿੰਘ ਨੇ ਆਪਣੀ ਪੁਸਤਕ "ਸ੍ਰੀ ਹਰਿਮੰਦਰ ਸਾਹਿਬ" ਦੇ ਪੰਨਾ 42 ਉਤੇ ਇਸ ਸੰਬੰਧੀ ਸੁਰਿੰਦਰ ਸਿੰਘ ਕੋਹਲੀ, ਜੰਗ ਸਿੰਘ ਆਦਿ ਵਿਦਵਾਨਾਂ ਵਲੋਂ ਪੇਸ਼ ਸ੍ਰਾਪ ਦੀਆਂ ਅਜਿਹੀਆਂ ਗੱਲਾਂ ਦਾ ਜਿਹੜੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ ਉਹ ਸਾਡੀ ਮਨੋਭਾਵਨਾ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦੇ ਹਨ। "ਗੁਰੂ ਘਰ ਵਿਚ ਸਰਾਪ ਦਾ ਕੋਈ ਸੰਕਲਪ ਨਹੀਂ। ਗੁਰੂ ਘਰ ਤੋਂ ਕਦੇ ਕਿਸੇ ਨੂੰ ਇਥੋਂ ਤੱਕ ਕਿ ਵਿਰੋਧੀ ਤੇ ਦੁਸ਼ਮਣ ਨੂੰ ਵੀ ਸਰਾਪ ਨਹੀਂ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਕੀ ਕੁਕਰਮ ਨਹੀਂ ਕੀਤੇ ਪਰ ਇੱਕ ਵਾਰ ਵੀ ਗੁਰੂ ਸਾਹਿਬ ਦੇ ਮੂੰਹ ਤੋਂ ਸਰਾਪ ਨਹੀਂ ਨਿਕਲਿਆ। ਮਿਸਤ੍ਰੀਆਂ ਦੀ ਨਿਕੀ ਜਿਹੀ ਗਲਤੀ ਤੇ ਆਪਣੇ ਉਸਾਰੇ ਪਵਿੱਤਰ ਅਸਥਲ ਲਈ ਸਰਾਪ ਕਿਸ ਤਰ੍ਹਾਂ ਮੁਖ ਤੋਂ ਨਿਕਲ ਸਕਦਾ ਸੀ? ਸਾਰਾ ਸਰੋਵਰ ਦੁਸ਼ਮਣ ਦੁਆਰਾ ਢਾਹ ਦੇਣ ਨਾਲੋਂ ਤਾਂ ਉਸ ਵੇਲੇ ਗ਼ਲਤ ਬਣੀਆਂ ਪੌੜੀਆਂ ਦੁਬਾਰਾ ਢਾਹ ਕੇ ਬਣ ਸਕਦੀਆਂ ਸਨ। ਇੱਟ ਰੱਖੀ ਜੇਕਰ ਚੁੱਕੀ ਗਈ ਤਾਂ ਕਹਿਰ ਨਹੀਂ ਆ ਗਿਆ। ਗੁਰੂ ਸਾਹਿਬ ਅਸੀਸ ਦੇ ਕੇ ਗ਼ਲਤ ਨੂੰ ਵੀ ਠੀਕ ਕਰਨ ਦੇ ਸਮਰੱਥ ਸਨ। ਇਹ ਸਭ ਪਿੱਛੋਂ ਘੜੀਆਂ ਗੱਲਾਂ ਹਨ ਤੇ ਐਵੇਂ ਗੁਰੂ ਸਾਹਿਬ ਨਾਲ ਜੋੜ ਕੇ ਸ਼ਰਧਾਵਾਨਾਂ ਨੇ ਆਪਣੇ ਵਲੋਂ ਵਡਿਆਈ ਕੀਤੀ ਹੈ।"

ਧਰਮ-ਅਸਥਾਨ, ਮੰਦਰ, ਮੁਨਾਰੇ, ਕਿਲ੍ਹੇ ਅਤੇ ਮਹਿਲ ਸ਼ਕਤੀ ਦੇ ਪ੍ਰਤੀਕ ਹੁੰਦੇ ਹਨ। ਇਸ ਗੱਲ ਦੇ ਬਾਵਜੂਦ ਕਿ ਹਰਿਮੰਦਰ ਸਾਹਿਬ ਆਮ ਉੱਚੀ ਚੌਕੀ ਉੱਤੇ ਖੜੀਆਂ ਹੋਣ ਵਾਲੀਆਂ ਇਮਾਰਤਾਂ ਦੇ ਉਲਟ ਨੀਵੇਂ ਅਸਥਾਨ ਉਤੇ ਉਸਾਰਿਆ ਗਿਆ ਹੈ ਜੋ ਕਿ ਸਿੱਖ ਮੱਤ ਵਿਚ ਨਿਮਰਤਾ ਦੀ ਮਹਾਨਤਾ ਦਾ ਸੂਚਕ ਹੈ, ਇਹ ਸਿੱਖ ਲਹਿਰ ਦੀ ਸ਼ਕਤੀ ਦਾ ਪ੍ਰਤੀਕ ਸੀ। ਨਿਮਰਤਾ ਵੀ ਬੜੀ ਵੱਡੀ ਆਤਮਕ ਸ਼ਕਤੀ ਹੁੰਦੀ ਹੈ। ਇਹ ਉਪਜਦੀ ਹੀ ਆਤਮਕ ਸ਼ਕਤੀ ਵਿਚੋਂ ਹੈ। ਦੂਜੇ ਪਾਸੇ ਸਿੱਖ ਲਹਿਰ ਦੇ ਦੁਸ਼ਮਣਾਂ ਵਾਸਤੇ ਇਸ ਲਹਿਰ ਦੀ ਸ਼ਕਤੀ ਦੇ ਪ੍ਰਤੀਕ ਅਸਥਾਨ ਇਕ ਵੰਗਾਰ ਸਨ। ਇਹਨਾਂ ਅਸਥਾਨਾਂ ਨੂੰ ਹਾਨੀ ਪਹੁੰਚਾ ਕੇ ਉਹ ਲਹਿਰ ਨੂੰ ਸੱਟ ਮਾਰਨਾ ਚਾਹੁੰਦੇ ਸਨ। ਲਹਿਰ ਵਿਚ ਪਸਤ-ਹਿੰਮਤੀ ਲਿਆਉਣਾ ਚਾਹੁੰਦੇ ਸਨ। ਪਰ ਇਹ ਉਹਨਾਂ ਦੀ ਖਾਮ ਖਿਆਲੀ ਸੀ। ਤਾਂ ਵੀ ਸਾਧਾਰਨ ਸਿੱਖ ਦੀ ਮਾਨਸਿਕਤਾ ਵਿਚ ਉਠੇ ਉਦਾਸੀ ਦੇ ਪਰਛਾਵੇਂ ਨੂੰ ਦੂਰ ਕਰਨ ਲਈ ਲੋਕ-ਮਾਨਸ ਨੇ ਇਹ ਦੰਦ-ਕਥਾ ਘੜ ਲਈ ਕਿ ਹਰਿਮੰਦਰ

Sri Satguru Jagjit Singh Ji eLibrary NamdhariElibrary@gmail.com



ਦਾ ਢਹਿਣਾ ਤਾਂ ਗੁਰਵਾਕ ਸੀ ਵਰਨਾ ਦੁਨੀਆਂ ਵਿਚ ਕਿਹੜੀ ਤਾਕਤ ਸੀ ਜੋ ਇਸ ਦੀ ਇੱਟ ਵੀ ਹਿਲਾ ਸਕਦੀ। ਲੋਕ-ਮਾਨਸ ਦੁਆਰਾ ਪਿਛੋਂ ਘੜੀਆਂ ਗੱਲਾਂ ਦੀ ਜਦੋਂ ਨਿਸ਼ਾਨਦੇਹੀ ਕਰਨੀ ਆਰੰਭੀਏ ਤਾਂ ਸੂਈ ਭਾਈ ਸੰਤੋਖ ਸਿੰਘ ਜੀ ਵਲ ਘੁੰਮ ਜਾਂਦੀ ਹੈ ਜਿਨ੍ਹਾਂ ਸਭ ਤੋਂ ਪਹਿਲਾਂ ਇਸ ਗੱਲ ਨੂੰ ਲਿਖਤੀ ਰੂਪ ਦਿੱਤਾ ਹੈ। ਅਹਿਮਦ ਸ਼ਾਹ ਅਬਦਾਲੀ ਨੇ ਸੰਮਤ 1879 ਮੁਤਾਬਿਕ 1762 ਈਸਵੀ ਵਿਚ ਹਰਿਮੰਦਰ ਨੂੰ ਢਾਹਿਆ ਤੇ ਸਰੋਵਰ ਨੂੰ ਪੂਰਿਆ ਅਤੇ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਹ ਗੱਲ ਲਗਪਗ 50 ਕੁ ਸਾਲ ਮਗਰੋਂ ਲਿਖੀ ਕਿਉਂਕਿ ਇਹ ਗ੍ਰੰਥ 1829 ਈਸਵੀ ਨੂੰ ਸੰਪੂਰਨ ਹੋਇਆ ਮੰਨਿਆ ਗਿਆ ਹੈ। ਜਾਹਿਰ ਹੈ ਕਿ ਲੇਖਕ ਦਾ ਸ਼ਰਧਾਵਾਨ ਹਿਰਦਾ ਇਹ ਕਿਵੇਂ ਤਸਲੀਮ ਕਰ ਸਕਦਾ ਸੀ ਕਿ ਹਰਿਮੰਦਰ ਨੂੰ ਵੀ ਕੋਈ ਸ਼ਕਤੀ ਢਾਹ ਸਕਦੀ ਹੈ। ਇਸ ਲਈ ਉਹਨਾਂ ਨੇ ਇਹ ਮਿਥ ਘੜ ਲਈ ਜਾਂ ਇਸੇ ਸ਼ਰਧਾ ਵਸ ਪਹਿਲਾਂ ਤੋਂ ਹੀ ਗੁਰੂ ਦੀ ਵਡਿਆਈ ਹਿਤ ਲੋਕਾਂ ਵਿਚ ਪ੍ਰਚਲਿਤ ਦੰਦ-ਕਥਾ ਨੂੰ ਇਕ ਤੱਥ ਵਜੋਂ ਸਵੀਕਾਰ ਕਰ ਲਿਆ। ਕੁਝ ਵਿਦਵਾਨਾਂ ਅਨੁਸਾਰ ਭਵਿੱਖਬਾਣੀ ਵਾਲੇ ਇਹ ਵਾਕ ਮੀਆਂ ਮੀਰ ਨੇ ਆਖੇ ਸਨ। ਇਹਦੇ ਨਾਲ ਦੰਦ-ਕਥਾ ਦੇ ਮੂਲ ਅਰਥਾਂ ਵਿਚ ਕੋਈ ਅੰਤਰ ਨਹੀਂ ਆਉਂਦਾ। ਕੁਝ ਵੀ ਹੈ ਸ੍ਰਾਪ ਵਾਲੀ ਇਹ ਗੱਲ ਕਿਸੇ ਸ਼ਰਧਾਵਾਨ ਦੀ ਘੜੀ ਹੋਈ ਹੈ ਅਤੇ ਮੀਆਂ ਮੀਰ ਦੁਆਰਾ ਨੀਂਹ ਰੱਖਣ ਦੀ ਦੰਦ-ਕਥਾ ਸਾਡੇ ਸਭਿਆਚਾਰ ਵਿਚ ਏਨੀ ਡੂੰਘੀ ਉਤਰ ਗਈ ਹੈ ਕਿ ਇਸ ਨੂੰ ਸਿੱਖ ਮਾਨਸਿਕਤਾ ਵਿਚ ਧੋਤਾ ਨਹੀਂ ਜਾ ਸਕਦਾ। ਲੋੜ ਵੀ ਕੀ ਹੈ?

## ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸੰਤਾਪ

ਮੀਆਂ ਮੀਰ ਨਾਲ ਸੰਬੰਧਤ ਗੁਰੂ ਘਰ ਦਾ ਦੂਜਾ ਪ੍ਰਸੰਗ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਜੁੜਿਆ ਹੋਇਆ ਹੈ। ਇਹ ਗੱਲ ਸਭ ਨੂੰ ਗਿਆਤ ਹੈ ਕਿ 1606 ਈਸਵੀ ਨੂੰ ਗੁਰੂ ਅਰਜਨ ਦੇਵ ਨੂੰ ਜਹਾਂਗੀਰ ਦੇ ਬਾਗੀ ਪੁੱਤਰ ਖੁਸਰੋ ਦੇ ਮੁਆਮਲੇ ਵਿਚ ਵਲੇਟ ਲਿਆ ਗਿਆ ਸੀ ਅਤੇ ਉਹਨਾਂ ਨੂੰ ਬੁਰੀ ਤਰ੍ਹਾਂ ਤਸੀਹੇ ਦਿੱਤੇ ਗਏ ਸਨ। ਗੱਲ ਸਿਰਫ ਏਨੀ ਸੀ ਕਿ ਖੁਸਰੋ ਲਾਹੌਰ ਜਾਂਦਾ ਹੋਇਆ ਤਰਨ ਤਾਰਨ ਗੁਰੂ ਜੀ ਦੇ ਦਰਸ਼ਨ ਨੂੰ ਚਲਾ ਗਿਆ ਤੇ ਬੇਹਾਲ ਖੁਸਰੋ ਦੀ ਗੁਰੂ ਜੀ ਨੇ ਕੁਝ ਮਦਦ ਕਰ ਦਿੱਤੀ। ਬਸ ਗੁਰ ਦੋਖੀਆਂ

Sri Satguru Jagjit Singh Ji eLibrary NamdhariElibrary@gmail.com



ਨੂੰ ਇਕ ਮੌਕਾ ਹੱਥ ਲੱਗ ਗਿਆ। ਉਹਨਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਦੇ ਕਿਲੇ ਵਿਚ ਬੰਦ ਕਰ ਦਿਤਾ ਗਿਆ। ਸ. ਖੁਸ਼ਵੰਤ ਸਿੰਘ ਨੇ A History of the Sikhs ਜਿਲਦ 1 ਦੇ ਪੰਨਾ 59 ਉਤੇ ਲਿਖਿਆ ਹੈ ਕਿ ਸੂਫੀਆਂ ਦੇ ਨਕਸ਼ਬੰਦੀ ਸਿਲਸਿਲੇ ਦਾ ਮੁਖੀ ਸ਼ੇਖ ਅਹਿਮਦ ਸਰਹੰਦੀ (1546-1624) ਗੁਰੂ ਅਰਜਨ ਦੇਵ ਜੀ ਦੀ ਵੱਧ ਰਹੀ ਸ਼ੋਭਾ ਅਤੇ ਸ਼ਕਤੀ ਤੋਂ ਬੜਾ ਸੜਿਆ ਬਲਿਆ ਹੋਇਆ ਸੀ। ਜਹਾਂਗੀਰ ਜਦ ਖੁਸਰੋ ਨੂੰ ਲਭਦਾ ਲੁਭਾਉਂਦਾ ਸਰਹੰਦ ਆ ਕੇ ਰੁਕਿਆ ਤਾਂ ਅਹਿਮਦ ਸਰਹੰਦੀ ਨੇ ਉਸ ਨੂੰ ਗੁਰੂ ਦੇ ਖਿਲਾਫ ਬੜਾ ਭੜਕਾਇਆ ਸੀ। ਸੀ.ਐਮ.ਏ. ਲਾਰੀ ਆਜ਼ਾਦ ਨੇ ਆਪਣੀ ਅੰਗ੍ਰੇਜ਼ੀ ਪੁਸਤਕ 'ਸਤਾਰਵੀਂ ਸਦੀ ਦੇ ਭਾਰਤ ਵਿਚ ਧਰਮ ਤੇ ਰਾਜਨੀਤੀ' ਦੇ ਪੰਨਾ 112 ਉਤੇ ਐਮ. ਅਕਬਰ ਦੇ ਹਵਾਲੇ ਨਾਲ ਲਿਖਿਆ ਹੈ ਕਿ "ਹੋਰ ਕਈ ਸਾਧੂਆਂ ਸੰਤਾਂ ਨਾਲ ਮੀਆਂ ਮੀਰ ਗੁਰੂ ਜੀ ਨੂੰ ਜੇਲ੍ਹ ਵਿਚ ਮਿਲਣ ਗਏ ਅਤੇ ਉਹ ਉਨ੍ਹਾਂ ਦੀ ਰਿਹਾਈ ਲਈ ਸ਼ਹਿਨਸ਼ਾਹ ਕੋਲ ਬੇਨਤੀ ਕਰਨਾ ਚਾਹੁੰਦੇ ਸਨ ਪਰ ਗੁਰੂ ਜੀ ਨੇ ਉਸ ਨੂੰ ਰੋਕ ਦਿੱਤਾ ਸੀ।" ਕਰਤਾਰ ਸਿੰਘ ਦੁੱਗਲ ਨੇ ਆਪਣੀ ਪੁਸਤਕ "ਸਿੱਖ ਗੁਰੂ" ਵਿਚ ਪੰਨਾ 116 ਉਤੇ ਲਿਖਿਆ ਹੈ ਕਿ ਜਦ ਗੁਰੂ ਜੀ ਨੂੰ ਤਸੀਹੇ ਦਿੱਤੇ ਗਏ ਤਾਂ ਮੀਆਂ ਮੀਰ ਨੇ ਉਨ੍ਹਾਂ ਅੱਗੇ ਤਰਲਾ ਲਿਆ ਕਿ ਉਸਨੂੰ ਆਪਣੀ ਰਹਿਸਮਈ ਸ਼ਕਤੀ ਵਰਤਣ ਦੀ ਆਗਿਆ ਦਿੱਤੀ ਜਾਏ ਤਾਂ ਜੋ ਉਨ੍ਹਾਂ ਨੂੰ ਦੁੱਖ ਤਸੀਹੇ ਦੇਣ ਵਾਲਿਆਂ ਨੂੰ ਮਲਿਆ ਮੇਟ ਕਰ ਦਿੱਤਾ ਜਾਏ। ਗੁਰੂ ਜੀ ਨੇ ਮੀਆਂ ਮੀਰ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਸਬਰ ਸੰਤੋਖ ਤੋਂ ਕੰਮ ਲੈਣ ਦੀ ਸਲਾਹ ਦਿੱਤੀ। ਉਨ੍ਹਾਂ ਆਖਿਆ ਕਿ ਸਾਨੂੰ ਕਰਤਾਰ ਦਾ ਭਾਣਾ ਮੰਨਣਾ ਚਾਹੀਦਾ ਹੈ ਜਿਸ ਦੇ ਹੁਕਮ ਬਗੈਰ ਪੱਤਾ ਤੱਕ ਨਹੀਂ ਹਿਲ ਸਕਦਾ। ਅਸੀਂ ਬਚਪਨ ਤੋਂ ਇਹੀ ਸੁਣਦੇ ਆ ਰਹੇ ਹਾਂ ਕਿ ਮੀਆਂ ਮੀਰ ਇਤਨੇ ਰੋਹ ਵਿਚ ਆਏ ਹੋਏ ਸਨ ਕਿ ਉਹ ਗੁਰੂ ਤੋਂ ਆਗਿਆ ਪਾ ਕੇ ਲਾਹੌਰ ਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾਉਣ ਲਈ ਤਿਆਰ ਸਨ। ਕਹਿੰਦੇ ਹਨ ਕਿ ਮੀਆਂ ਮੀਰ ਗੁੱਝੀਆਂ ਗੈਬੀ ਸ਼ਕਤੀਆਂ ਦੇ ਮਾਲਕ ਸਨ। ਦਾਰਾ ਸ਼ਕੋਹ ਨੇ ਸ਼ਕੀਨਤ-ਉਲ-ਔਲੀਆ ਵਿਚ ਮੀਆਂ ਮੀਰ ਦੀ ਆਤਮਕ ਸ਼ਕਤੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ "ਮੈਂ ਵੀਹ ਕੁ ਸਾਲ ਦਾ ਸਾਂ ਜਦੋਂ ਮੈਂ ਬਹੁਤ ਬੀਮਾਰ ਪੈ ਗਿਆ ਮੇਰੇ ਬਚਣ ਦੀ ਕੋਈ ਆਸ ਨਹੀਂ ਸੀ। ਮੇਰਾ ਪਿਤਾ ਸ਼ਾਹਜਹਾਂ ਮੈਨੂੰ ਹਜ਼ਰਤ ਮੀਆਂ ਮੀਰ ਕੋਲ ਲੈ ਗਿਆ। ਉਨ੍ਹਾਂ ਨੇ ਪਾਣੀ ਦਾ ਇੱਕ ਪਿਆਲਾ ਲੈ ਕੇ ਮੂੰਹ ਵਿਚ ਕੁਝ ਪੜ੍ਹਿਆ ਤੇ ਉਸ ਉਤੇ

Sri Satguru Jagjit Singh Ji eLibrary NamdhariElibrary@gmail.com



ਫੂਕ ਮਾਰ ਦਿੱਤੀ। ਉਹ ਪਾਣੀ ਮੈਨੂੰ ਪੀਣ ਲਈ ਦਿੱਤਾ ਗਿਆ ਤੇ ਮੈਂ ਇੱਕ ਦਮ ਨੌਬਰ ਨੌਂ ਹੋ ਗਿਆ।"

ਮੀਆਂ ਮੀਰ ਰੂਹਾਨੀ ਸ਼ਕਤੀ ਦੇ ਮਾਲਕ ਵੀ ਸਨ ਅਤੇ ਦਿਵਯ ਦ੍ਰਿਸ਼ਟੀ ਵਾਲੇ ਸੰਤ ਵੀ। ਇਸੀ ਪ੍ਰਕਾਰ ਦੀ ਇਕ ਹੋਰ ਚਮਤਕਾਰੀ ਘਟਨਾ ਦਾ ਜ਼ਿਕਰ ਮੁਫਤੀ ਗੁਲਾਮ ਸਰਵਰ ਦੀ ਪੁਸਤਕ ਖਜ਼ੀਨਤ-ਉਲ-ਅਸਫੀਆਹ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ। "ਆਪਣੀ ਮੌਤ ਤੋਂ ਕੁਝ ਦਿਨ ਪਹਿਲਾਂ ਜਹਾਂਗੀਰ ਕਸ਼ਮੀਰ ਵਿਚ ਸੀ ਕਿ ਉਸਨੂੰ ਦਿੱਲੀ ਦੇ ਸ਼ੇਖ ਅਬਦੁਲ ਹੱਕ ਮੁਹਦੀ, ਉਸਦੇ ਪੁੱਤਰ ਸ਼ੇਖ ਨੂਰ-ਓਲ ਹੱਕ ਅਤੇ ਮਿਰਜ਼ਾ ਹਿਸਾਮੁਦੀਨ ਦੇ ਖਿਲਾਫ ਸ਼ਿਕਾਇਤਾਂ ਪਹੁੰਚੀਆਂ। ਸ਼ਹਿਨਸ਼ਾਹ ਨੇ ਸ਼ੇਖ ਅਬਦੁੱਲ ਹੱਕ ਅਤੇ ਖੁਵਾਜ਼ਾ ਬਾਣੀ ਉਲਾ ਦੇ ਸਭ ਤੋਂ ਵੱਡੇ ਮੁਰੀਦ ਹਿਸਾਮੁਦੀਨ ਨੂੰ ਕਸ਼ਮੀਰ ਅਪੜਨ ਦਾ ਹੁਕਮ ਦਿੱਤਾ ਅਤੇ ਸ਼ੇਖ ਨੂਰ-ਓਲ-ਹੱਕ ਨੂੰ ਕਾਬਲ ਜਾਣ ਲਈ ਕਿਹਾ। ਤਿੰਨੇ ਜਣੇ ਸ਼ਾਹੀ ਫਰਮਾਣ ਸੁਣ ਕੇ ਦਿੱਲੀ ਤੋਂ ਤੁਰ ਪਏ। ਰਸਤੇ ਵਿਚ ਉਹ ਲਾਹੌਰ ਮੀਆਂ ਮੀਰ ਨੂੰ ਮਿਲਣ ਚਲੇ ਗਏ। ਗੱਲ ਬਾਤ ਕਰਦਿਆਂ ਮੀਆਂ ਮੀਰ ਨੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਉਨ੍ਹਾਂ ਨੂੰ ਕਿਧਰੇ ਵੀ ਜਾਣਾ ਨਹੀਂ ਪਵੇਗਾ ਤੇ ਛੇਤੀ ਹੀ ਉਹ ਦਿੱਲੀ ਪਰਤ ਜਾਂਣਗੇ। ਹੋਇਆ ਇਹ ਕਿ ਚਾਰ ਦਿਨ ਮਗਰੋਂ ਜਹਾਂਗੀਰ ਦੀ ਮੌਤ ਦੀ ਖਬਰ ਆ ਗਈ। ਉਸਦੀ ਮਈਅਤ ਲਾਹੌਰ ਲਿਆਂਦੀ ਗਈ ਤੇ ਓਥੇ ਹੀ ਦਫਨ ਕੀਤੀ ਗਈ ਅਤੇ ਤਿੰਨੇ ਸ਼ੇਖ ਦਿੱਲੀ ਵਾਪਸ ਚਲੇ ਗਏ।" ਇੰਜ ਮੀਆਂ ਮੀਰ ਦੀ ਕੀਤੀ ਭਵਿਖਬਾਣੀ ਸੱਚੀ ਸਿੱਧ ਹੋ ਗਈ। ਗੁਰਮਤ ਕਿਉਂਕਿ ਇਸ ਪ੍ਰਕਾਰ ਦੀਆਂ ਸ਼ਕਤੀਆਂ ਵਿਚ ਆਸਥਾ ਨਹੀਂ ਲਿਆਉਂਦੀ ਇਸੀ ਲਈ ਗੁਰੂ ਅਰਜਨ ਦੇਵ ਨੇ ਹਜ਼ਰਤ ਨੂੰ ਭਾਣਾ ਮੰਨਣ ਦੀ ਸਲਾਹ ਦਿੱਤੀ। ਤਰ੍ਹਾਂ ਤਰ੍ਹਾਂ ਦੇ ਤਸੀਹੇ ਝੱਲ ਕੇ ਉਹ ਸੱਚੇ ਨਾਮ ਦੀ ਸਿੱਖਿਆ ਦੇਣ ਵਾਲਿਆਂ ਵਾਸਤੇ ਇਕ ਮਿਸਾਲ ਕਾਇਮ ਕਰ ਰਹੇ ਸਨ ਕਿ ਬਿਪਤਾ ਦੀ ਘੜੀ ਸਬਰ ਸੰਤੋਖ ਤੋਂ ਕੰਮ ਲੈਣਾ ਹੈ ਅਤੇ ਆਪਣੇ ਵਿਸ਼ਵਾਸ ਤੋਂ ਥਿੜਕਣਾ ਨਹੀਂ। ਬਿਪਤਾ ਦੀਆਂ ਘੜੀਆਂ ਵਿਚ ਹੀ ਮਨੁੱਖ ਦੇ ਆਤਮ-ਵਿਸ਼ਵਾਸ ਦੀ ਅਸਲ ਪਰਖ ਹੁੰਦੀ ਹੈ।

## ਕਿੱਸਾ ਕੌਲਾਂ ਦਾ

ਗੁਰੂ ਘਰ ਨਾਲ ਮੀਆਂ ਮੀਰ ਦੇ ਨਿੱਘੇ ਅਤੇ ਨਿਕਟ-ਵਰਤੀ ਸੰਬੰਧਾਂ ਦੀ ਗਾਥਾ

Sri Satguru Jagjit Singh Ji eLibrary NamdhariElibrary@gmail.com


ਤੁਰਦੀ ਹੈ। ਹਰੀ ਰਾਮ ਗੁਪਤਾ ਨੇ History of the Sikhs ਜਿਲਦ 1 ਦੇ ਪੰਨਾ 365 ਉੱਤੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਦੋ ਕੁ ਸਾਲ ਮਗਰੋਂ ਉਹਨਾਂ ਦੇ ਸਪੁੱਤਰ ਤੇ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਜਿਹੜੇ ਉਸ ਵੇਲੇ 13 ਸਾਲਾਂ ਦੇ ਗੱਭਰੂ ਸਨ ਲਾਹੌਰ ਮੀਆਂ ਮੀਰ ਨੂੰ ਮਿਲਣ ਗਏ। ਖਾਨਗਾਹ ਵਿਚ ਉਹਨਾਂ ਦੇ ਬਹੁਤ ਸਾਰੇ ਮੁਰੀਦ ਬੈਠੇ ਹੋਏ ਸਨ ਜਿਨ੍ਹਾਂ ਵਿਚ ਕੌਲਾਂ ਨਾਂ ਦੀ ਇਕ ਮੁਟਿਆਰ ਵੀ ਸੀ। ਇਹ ਮੁਟਿਆਰ ਰਾਜਧਾਨੀ ਦੇ ਕਾਜ਼ੀ ਰੁਸਤਮ ਖਾਂ ਦੀ ਧੀ ਸੀ। ਬਚਪਨ ਤੋਂ ਹੀ ਧਾਰਮਿਕ ਰੁਚੀਆਂ ਵਾਲੀ ਹੋਣ ਕਾਰਨ ਉਹ ਮੀਆਂ ਮੀਰ ਦੀ ਚੇਲੀ ਬਣ ਗਈ ਸੀ। ਉਸ ਦਾ ਇਰਾਦਾ ਕੁਆਰੀ ਰਹਿ ਕੇ ਅਤੇ ਇੱਕ ਸਾਧਣੀ ਬਣ ਕੇ ਜੀਉਣ ਦਾ ਸੀ ਪਰ ਇਸਲਾਮ ਔਰਤ ਨੂੰ ਇਹ ਅਧਿਕਾਰ ਨਹੀਂ ਦਿੰਦਾ ਸੀ। ਇਸ ਲਈ ਉਸ ਨੇ ਗੁਰੂ ਹਰਿ ਗੋਬਿੰਦ ਦੀ ਚੇਲੀ ਬਣ ਜਾਣ ਦਾ ਫੈਸਲਾ ਕਰ ਲਿਆ। ਉਹਦੀ ਇਹ ਗੱਲ ਸੁਣ ਕੇ ਉਹਦਾ ਪਿਤਾ ਬੜਾ ਲੋਹੇ-ਲਾਖਾ ਹੋਇਆ ਅਤੇ ਉਸ ਨੂੰ ਆਪਣਾ ਇਰਾਦਾ ਤਰਕ ਕਰਨ ਲਈ ਕਹਿਣ ਲਗਾ। ਜਦੋਂ ਉਸ ਨੂੰ ਸਫਲਤਾ ਨਾ ਮਿਲੀ ਤਾਂ ਉਸਨੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਉਹ ਦੌੜ ਕੇ ਮੀਆਂ ਮੀਰ ਕੋਲ ਆ ਗਈ ਜਿਸ ਨੇ ਉਸ ਨੂੰ ਪੂਰੀ ਸੁਰੱਖਿਆ ਨਾਲ ਅੰਮ੍ਰਿਤਸਰ ਭੇਜ ਦਿੱਤਾ। ਇਥੇ ਉਸ ਨੂੰ ਰਹਿਣ ਵਾਸਤੇ ਇੱਕ ਵੱਖਰਾ ਮਕਾਨ ਦਿੱਤਾ ਗਿਆ ਜਿੱਥੇ ਅੱਜ ਕਲ ਕੌਲਸਰ ਗੁਰਦੁਆਰਾ ਤੇ ਸਰੋਵਰ ਬਣਿਆ ਹੋਇਆ ਹੈ।

ਮੈਕਾਲਿਫ ਨੇ ਆਪਣੀ ਪੁਸਤਕ "ਸਿੱਖ ਧਰਮ" ਵਿਚ ਲਿਖਿਆ ਹੈ ਕਿ ਇਸ ਮੁਟਿਆਰ ਦਾ ਮੁਸਲਮਾਣੀ ਨਾਂ ਕੀ ਸੀ ਇਸ ਦਾ ਕੁਝ ਪਤਾ ਨਹੀਂ ਲੱਗਦਾ। ਕੌਲਾਂ ਨਾਂ ਉਦੋਂ ਰਖਿਆ ਗਿਆ ਜਦ ਉਸ ਨੇ ਸਿੱਖ ਧਰਮ ਨੂੰ ਅਪਣਾ ਲਿਆ ਸੀ। ਉਸ ਨੇ ਇਹ ਵੀ ਲਿਖਿਆ ਹੈ ਕਿ ਉਹ ਗੁਰੂ ਘਰ ਵਲ ਇਸ ਵਾਸਤੇ ਵੀ ਖਿੱਚੀ ਚਲੀ ਗਈ ਕਿ ਮੀਆਂ ਮੀਰ ਦੀ ਸੰਗਤ ਵਿਚ ਉਹ ਅਕਸਰ ਹੋਰ ਸਾਧੂਆਂ ਤੋਂ ਇਲਾਵਾ ਗੁਰੂ ਹਰਿਗੋਬਿੰਦ ਦੀਆਂ ਬੜੀਆਂ ਵਡਿਆਈਆਂ ਸੁਣਦੀ ਰਹਿੰਦੀ ਸੀ। ਕਰਤਾਰ ਸਿੰਘ ਦੁੱਗਲ ਤਾਂ ਇਹ ਵੀ ਲਿਖਦਾ ਹੈ ਕਿ ਉਸ ਨੂੰ ਗੁਰਬਾਣੀ ਦੇ ਸ਼ਬਦ ਸੁਣ ਕੇ ਬੜਾ ਆਨੰਦ ਆਉਂਦਾ ਸੀ ਅਤੇ ਬਹੁਤ ਸਾਰੇ ਸ਼ਬਦ ਉਸ ਜ਼ਬਾਨੀ ਚੇਤੇ ਕੀਤੇ ਹੋਏ ਸਨ ਜਿਨ੍ਹਾਂ ਨੂੰ ਉਠਦੀ ਬਹਿੰਦੀ ਗੁਣਗੁਣਾਉਂਦੀ ਰਹਿੰਦੀ ਸੀ। ਕਾਜ਼ੀ ਨੂੰ ਇਹ ਗੱਲ ਕਿਵੇਂ ਭਾਅ ਸਕਦੀ ਸੀ। ਇੱਕ ਦਿਨ ਉਸ ਨੂੰ ਐਸਾ ਗੁੱਸਾ ਚੜ੍ਹਿਆ ਕਿ ਉਹਨੇ ਉਸ ਨੂੰ ਜਾਨੋਂ ਮਾਰ ਦੇਣ

ਦਾ ਫੈਸਲਾ ਕਰ ਲਿਆ। ਕੁੜੀ ਦੀ ਮਾਂ ਨੂੰ ਪਤਾ ਲੱਗਾ ਤਾਂ ਉਹਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸ ਨੇ ਇਹ ਗੱਲ ਕੁੜੀ ਨੂੰ ਵੀ ਦੱਸ ਦਿੱਤੀ ਤੇ ਮੀਆਂ ਮੀਰ ਨੂੰ ਵੀ। ਮੀਆਂ ਮੀਰ ਦੇ ਮਸ਼ਵਰੇ ਤੇ ਮਦਦ ਨਾਲ ਕੁੜੀ ਹਰਿਗੋਬਿੰਦ ਸਾਹਿਬ ਦੀ ਸ਼ਰਨ ਵਿਚ ਆ ਗਈ।

(ਗਿਆਨੀ ਗਿਆਨ ਸਿੰਘ ਨੇ "ਪੰਥ ਪ੍ਰਕਾਸ਼" ਵਿਚ ਲਿਖਿਆ ਹੈ:-

ਉਸ ਕਾਜ਼ੀ ਕੀ ਬੇਟੀ ਕੌਲਾਂ ਮੀਆਂ ਮੀਰ ਕੀ ਚੇਲੀ
ਥੀਸਤ ਸੰਗਣ ਭਗਤ ਰੱਬ ਦੀ ਰੰਗਣ ਚੜੀ ਨਵੇਲੀ।
ਇਕ ਦਿਨ ਸਤਿਗੁਰ ਮੀਆਂ ਮੀਰ ਕੋ ਮਿਲਣੇ ਹੇਤ ਪਧਾਰੇ
ਪੇਖ ਆਗਿਓ ਉਠਕਰ ਉਸਨੇ ਆਦਰ ਨਾਲ ਬਿਠਾਰੇ।
ਕਈ ਬਾਰ ਪਹਿਲੇ ਬੀ ਗੁਰ ਕੀ ਪੀਰ ਤਰੀਫ ਉਚਾਰੀ
ਫਿਰ ਭੀ ਮੀਆਂ ਮੀਰ ਨੇ ਗੁਰ ਕੀ ਮਹਿਮਾ ਉਰੀ ਭਾਰੀ।
ਸੁਨ ਮਹਿਮਾਂ ਅਰ ਪਿਖ ਸਰੂਪ ਕੋ ਕੌਲਾਂ ਹੋਇ ਕੁਰਬਾਨੇ।
ਆ ਕੇ ਘਰ ਨਿਜ ਸੰਗਤੀਓਂ ਢਿਗ ਗੁਰ ਜਸ ਲਗੀ ਸੁਨਾਨੇ।
ਰੁਸਤਮ ਖਾਨ ਬਾਪ ਤਿਸ ਕੇਰਾ ਸੁਣ ਗੁਰ ਮਹਿਮਾ ਜਰਿਓ।
ਕਹਿ ਕਾਫ਼ਰ ਕੀ ਕਰਤ ਬਡਾਈ ਚਾਬਕ ਮਾਰ ਉਚਰਿਓ।
ਜੇ ਮੋਮਨ ਕਾਫ਼ਰ ਕੀ ਮਹਿਮਾ ਕੈ ਸੁ ਕਤਲੈ ਲਾਇਕ
ਹੋਵਤ ਹੈ ਇਹ ਲਿਖਥੋ ਸ਼ਰਾ ਵਿਚ ਮੈ ਬਨਿ ਹੋ ਤੋਹਿ ਘਾਇਕ।

ਗੋਕਲ ਚੰਦ ਨਾਰੰਗ ਨੇ ਕਨਿੰਘਮ ਦੇ ਹਵਾਲੇ ਨਾਲ ਲਿਖਿਆ ਹੈ ਕਿ ਕੋਲਾਂ ਨਾਂ ਦੀ ਹਿੰਦੂ ਕੁੜੀ ਕਾਜ਼ੀ ਦੀ ਰਖੈਲ ਸੀ (ਸ਼ਾਇਦ ਇਸੇ ਲਈ ਉਸ ਦੇ ਮੁਸਲਮਾਣੀ ਨਾਂ ਦਾ ਪਤਾ ਨਹੀਂ ਲੱਗਦਾ)। ਹੋ ਸਕਦਾ ਹੈ ਕਿ ਕਾਜ਼ੀ ਉਸ ਨੂੰ ਜ਼ਬਰਦਸਤੀ ਚੁੱਕ ਲਿਆਇਆ ਹੋਵੇ। ਇਹ ਗੱਲ ਉਹਨੀਂ ਦਿਨੀਂ ਅਣਹੋਣੀ ਨਹੀਂ ਸੀ ਹੋ ਸਕਦੀ। ਗੁਰੂ ਘਰ ਨੂੰ ਉਹ ਹਿੰਦੂਆਂ ਨਿਮਾਣਿਆਂ ਦਾ ਮਾਣ ਤੇ ਨਿਆਸਰਿਆਂ ਦਾ ਆਸਰਾ ਜਾਣਕੇ ਉਹਨਾਂ ਦੀ ਸ਼ਰਨ ਆ ਗਈ।

## ਗੁਰੂ ਹਰਿਗੋਬਿੰਦ ਦੀ ਰਿਹਾਈ

ਗੁਰ ਇਤਿਹਾਸ ਦੀ ਇਕ ਹੋਰ ਅਹਿਮ ਘਟਨਾ ਗੁਰੂ ਹਰਿਗੋਬਿੰਦ ਨੂੰ ਬਾਦਸ਼ਾਹ ਜਹਾਂਗੀਰ ਵਲੋਂ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਕੇ ਰੱਖਣ ਦੀ ਹੈ।

Sri Satguru Jagjit Singh Ji eLibrary NamdhariElibrary@gmail.com


ਸਿੱਖ ਪਰੰਪਰਾ ਤੇ ਇਤਿਹਾਸ ਵਿਚ ਗੁਰੂ ਹਰਿਗੋਬਿੰਦ ਦੀ ਰਿਹਾਈ ਨਾਲ ਵੀ ਮੀਆਂ ਮੀਰ ਦਾ ਸੰਬੰਧ ਜੋੜਿਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਨੂੰ ਕਿਉਂ ਬੰਦੀ ਬਣਾਇਆ ਗਿਆ, ਇਸ ਦੇ ਕਈ ਕਾਰਨ ਦੱਸੇ ਜਾਂਦੇ ਹਨ। ਇਕ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਜਹਾਂਗੀਰ ਨੇ ਜੁਰਮਾਨੇ ਦੀ ਉਹ ਰਕਮ ਅਦਾ ਕਰਨ ਲਈ ਆਖਿਆ ਜਿਹੜੀ ਗੁਰੂ ਅਰਜਨ ਦੇਵ ਨੇ ਦੇਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਸੀ ਕਿ ਉਹਨਾਂ ਨੇ ਕੋਈ ਜ਼ੁਰਮ ਨਹੀਂ ਕੀਤਾ ਇਸ ਲਈ ਕੋਈ ਜੁਰਮਾਨਾ ਨਹੀਂ ਭਰਨਗੇ। ਇਹ ਕਿ ਗੁਰੂ ਸ਼ਿਕਾਰ ਖੇਡਦਾ ਹੈ ਤੇ ਹਥਿਆਰ ਰੱਖਦਾ ਹੈ। ਸੱਚਾ ਪਤਾਸ਼ਾਹ ਅਖਵਾਉਂਦਾ ਹੈ ਅਤੇ ਦਰਬਾਰ ਲਗਾਉਂਦਾ ਹੈ ਆਦਿ ਬਾਰੇ ਗੁਰੂ ਜੀ ਦਾ ਜਹਾਂਗੀਰ ਨੂੰ ਜਵਾਬ ਸੀ ਕਿ ਸ਼ਿਕਾਰ ਖੇਡਣ ਤੇ ਹਥਿਆਰ ਰੱਖਣ ਉਤੇ ਸਰਕਾਰ ਵਲੋਂ ਕੋਈ ਪਾਬੰਦੀ ਨਹੀਂ। ਦਰਬਾਰ ਵਿਚ ਕੇਵਲ ਧਾਰਮਿਕ ਤੇ ਸਮਾਜਕ ਮਾਮਲੇ ਹੀ ਵਿਚਾਰੇ ਜਾਂਦੇ ਹਨ ਬਾਦਸ਼ਾਹ ਦੇ ਖਿਲਾਫ ਕੋਈ ਪਰਚਾਰ ਨਹੀਂ ਹੁੰਦਾ। ਚੌਥੀ ਗੱਲ ਕਿ ਗੁਰੂ ਨੇ ਕਦੇ ਕਿਸੇ ਨੂੰ ਆਪ ਨਹੀਂ ਆਖਿਆ ਕਿ ਉਸ ਨੂੰ ਸੱਚਾ ਪਾਤਸ਼ਾਹ ਆਖ ਕੇ ਯਾਦ ਕੀਤਾ ਜਾਵੇ। ਇਹ ਲੋਕਾਂ ਦਾ ਅਤੇ ਗੁਰ ਸਿੱਖਾਂ ਦਾ ਪਿਆਰ ਹੈ। ਹਰੀ ਰਾਮ ਗੁਪਤਾ ਲਿਖਦਾ ਹੈ ਕਿ ਆਗਰੇ ਜਹਾਂਗੀਰ ਬੀਮਾਰ ਪੈ ਗਿਆ ਤਾਂ ਚੰਦੂ ਦੇ ਚੁੱਕੇ ਨਜੂਮੀ ਨੇ ਜਹਾਂਗੀਰ ਨੂੰ ਆਖਿਆ ਕਿ ਸਿਤਾਰਿਆਂ ਦੇ ਬੁਰੇ ਅਸਰ ਤੋਂ ਬਚਣ ਲਈ ਹਰਿਗੋਬਿੰਦ ਨੂੰ ਕੈਦ ਕਰ ਲਵੇ। ਇਸ ਲਈ ਉਹਨਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ ਜਿਹੜਾ ਅਜੇਹੇ ਸ਼ਹਿਜਾਦਿਆਂ ਤੇ ਨਵਾਬਾਂ ਨੂੰ ਕੈਦ ਕਰਨ ਲਈ ਰਾਖਵਾਂ ਸੀ ਜਿਨ੍ਹਾਂ ਨਾਲ ਸ਼ਹਿਨਸ਼ਾਹ ਖਫਾ ਹੋ ਜਾਂਦਾ ਸੀ। ਹਰੀ ਰਾਮ ਗੁਪਤਾ ਅਨੁਸਾਰ ਹੀ ਜਹਾਂਗੀਰ ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਮੈਂ ਉਸ ਨੂੰ ਦਰਬਾਰ ਵਿਚ ਤਲਬ ਕੀਤਾ। ਉਸ ਨੇ ਹੁਕਮ ਮੰਨ ਲਿਆ। ਮੇਰੇ ਸਵਾਲਾਂ ਦਾ ਉਹ ਠੀਕ ਜਵਾਬ ਨਾ ਦੇ ਸਕਿਆ। ਮੈਂ ਵੇਖਿਆ ਉਹ ਬਹੁਤਾ ਸਿਆਣਾ ਤੇ ਚਤੁਰ ਨਹੀਂ ਅਤੇ ਬੜਾ ਮਗਰੂਰ ਤੇ ਖ਼ੁਦਪਸੰਦ ਹੈ। ਮੈਂ ਸੋਚਿਆ ਇਸ ਨੂੰ ਕੁਝ ਦਿਨ ਜ਼ਿੰਦਾਨਾ-ਇ-ਅਦਲ ਵਿਚ ਰੱਖਿਆ ਜਾਏ ਤਾਂ ਇਹਦਾ ਮਿਜ਼ਾਜ਼ ਠੀਕ ਹੋ ਜਾਏਗਾ। ਇਸ ਲਈ ਮੈਂ ਉਸ ਨੂੰ ਗਵਾਲੀਅਰ ਦੇ ਕਿਲੇ ਵਿਚ ਬੰਦ ਰੱਖਣ ਲਈ ਸੰਗਦਿਲ ਬਾਨੀ ਰਾਇ ਦੇ ਹਵਾਲੇ ਕਰ ਦਿੱਤਾ।

Sri Satguru Jagjit Singh Ji eLibrary NamdhariElibrary@gmail.com


ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਬੰਦ ਕਰਨ ਦੇ ਪ੍ਰਸੰਗ ਦਾ ਵਰਣਨ ਭਾਈ ਸੰਤੋਖ ਸਿੰਘ ਜੀ ਨੇ ਵੀ ਕੀਤਾ ਹੈ ਅਤੇ ਸ਼ਹਿਨਸ਼ਾਹ ਜਹਾਂਗੀਰ ਤੇ ਪੀਰ ਮੀਆਂ ਮੀਰ ਦਾ ਮਿਲਣ ਹੀ ਨਹੀਂ ਦਰਸਾਇਆ ਸਗੋਂ ਉਹਨਾਂ ਵਿਚਕਾਰ ਇੱਕ ਲੰਮਾ ਚੌੜਾ ਸੰਵਾਦ ਵੀ ਰਚਾਇਆ ਹੈ। ਗਿਆਨੀ ਗਿਆਨ ਸਿੰਘ ਨੇ ਵੀ ਲਿਖਿਆ ਹੈ ਕਿ ਬਿਨਾਂ ਕਿਸੇ ਅਪਰਾਧ ਦੇ ਗੁਰੂ ਹਰਿਗੋਬਿੰਦ ਨੂੰ ਬੰਦੀ ਬਣਾ ਕੇ ਰੱਖਣ ਦੇ ਫਲਸਰੂਪ ਜਹਾਂਗੀਰ ਬੀਮਾਰ ਪੈ ਗਿਆ ਅਤੇ ਮੀਆਂ ਮੀਰ ਲਾਹੌਰ ਤੋਂ ਦਿੱਲੀ ਪੁੱਜਾ।

ਦੋਹਿਰਾ:-

ਸੁਨ ਬੀਮਾਰ ਪਾਤਸ਼ਾਹ ਕੋ ਮੀਆਂ ਮੀਰ ਦਿਨ ਤਾਹਿं
ਦਿਲੀ ਗਇਓ ਲ਼ਾਹੌਰ ਤੇ ਮਿਲਬੋ ਤਾਂਹਿ ਜਬ ਸ਼ਹਿ।

ਚੌਪਈ:-

ਹਾਲ ਬਿਮਾਰ ਕਾ ਸੁਨ ਸਾਰਾ
ਮੀਆਂ ਮੀਰ ਤਬ ਐਸ ਉਚਾਰਾ
ਜੌਉ ਨਜੂਮੀ ਨੇ ਤੁਹਿ ਕਹਿਓ
ਹਰਿਗੋਬਿੰਦ ਗੁਰ ਹੈ ਹਮ ਲਹਿਓ
ਬਿਨ ਅਪਰਾਧ ਕੈਦ ਕਰ ਰਾਖਾ
ਦਰਸਨ ਕੋ ਤਰਪਨ ਸਿੱਖ ਲਾਖਾ
ਬਦਦੁਆਇ ਉਨ ਕੀ ਦੁਖ ਦੇ ਹੈ
ਗੁਰ ਸਮਦਰਸੀ ਕਿਛ ਨਾ ਕੇ ਹੈ
ਉਨ ਕੇ ਪਿਤਾ ਭਏ ਬ੍ਰਹਮ ਗਿਆਨੀ
ਸਹੇ ਕਸ਼ਟ ਪਰ ਹਾਇ ਨਾ ਠਾਨੀ
ਇਹ ਸੁਣ ਸਾਹਿ ਬੂਝਿਓ ਤਾਂਹਿ
ਉਨ ਕੋ ਦਯੋ ਦੁਖ ਕਿਉਂ ਕਾਹਿं।
ਮੀਆਂ ਮੀਰ ਤਬ ਸਾਰੀ ਕਥਾ
ਬਰਣ ਸੁਣਾਈ ਬਰਤੀ ਜਥਾ
ਸੁਨ ਪਾਤਸ਼ਾਹਿ ਨੈਨ ਭਰ ਆਬੋ
ਤੁਰਤ ਵਜ਼ੀਰ ਖਾਨ ਬੁਲਵਾਇਓ
ਕਹਿਓ ਜਾਹੁ ਤੁਮ ਗੁਰ ਕੋ ਲਿਆਵੋ
ਕਰ ਮਮ ਬਿਨੈ ਭੂਲ ਬਖਸਾਵੋ।

ਅੱਗੇ ਲਿਖਿਆ ਹੈ ਕਿ ਵਜੀਰ ਖਾਂ ਜਦੋਂ ਗੁਰੂ ਜੀ ਕੋਲ ਪੁੱਜਾ ਤਾਂ ਉਹਨਾਂ ਨੇ ਇਕੱਲੇ ਜੇਲ੍ਹ ਤੋਂ ਬਾਹਰ ਜਾਣ ਤੋਂ ਇਨਕਾਰ ਕਰ ਦਿੱਤਾ। ਇਹ ਗੱਲ ਵਜ਼ੀਰ ਖਾਂ ਨੇ ਜਹਾਂਗੀਰ ਤਕ ਪਹੁੰਚਾਈ ਤੇ ਜਵਾਬ ਵਿਚ ਉਸ ਆਖਿਆ ਕਿ ਜੇ ਗੁਰੂ ਹੱਠ ਕਰਦਾ ਹੈ ਤਾਂ ਉਸ ਦਾ ਦਾਮਨ ਫੜ ਕੇ ਜਿਨ੍ਹੇ ਕੈਦੀ ਰਾਜੇ ਨਿਕਲ ਸਕਦੇ ਹਨ ਨਿਕਲ ਆਉਣ। ਅਗੋਂ ਅਸੀਂ ਜਾਣਦੇ ਹਾਂ ਕਿ ਰਵਾਇਤ ਅਨੁਸਾਰ ਗੁਰੂ ਜੀ ਨੇ ਇਕ ਚੋਲਾ ਤਿਆਰ ਕਰਵਾਇਆ ਜਿਸ ਦੀਆਂ ਬਵੰਜਾ ਕਲੀਆਂ ਸਨ ਤੇ ਉਹਨਾਂ ਨੂੰ ਫੜ ਕੇ ਬਵੰਜਾ ਰਾਜੇ ਗੁਰੂ ਜੀ ਦੇ ਨਾਲ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਆ ਗਏ।

ਭਾਈ ਵੀਰ ਸਿੰਘ ਜੀ ਨੇ ਵੀ ਅਸ਼ਟ ਗੁਰੂ ਚਮਤਕਾਰ ਭਾਗ ਤੀਜਾ ਵਿਚ "ਬੰਦੀ ਛੋੜ" ਪ੍ਰਸੰਗ ਲਿਖਦਿਆਂ ਗੁਰੂ ਜੀ ਦੀ ਰਿਹਾਈ ਵਿਚ ਪੀਰ ਮੀਆਂ ਮੀਰ ਵਲੋਂ ਨਿਭਾਈ ਭੂਮਿਕਾ ਦਾ ਸਪਸ਼ਟ ਵਰਣਨ ਕੀਤਾ ਹੈ। ਉਹ ਲਿਖਦੇ ਹਨ ਕਿ "ਮੀਆਂ ਮੀਰ ਲਾਹੌਰ ਤੋਂ ਦਿੱਲੀ ਪੁਜ ਚੁੱਕਾ ਸੀ ਤੇ ਉਸ ਨੇ ਬਾਦਸ਼ਾਹ ਦੀ ਇਸ ਲਾਪ੍ਰਵਾਹੀ ਬਾਬਤ ਚੰਗੇ ਕੰਨ ਖਿੱਚੇ ਹੋਏ ਸਨ। ਵਜੀਰ ਖਾਂ ਨੂੰ ਖਾਲੀ ਮੁੜਿਆ ਵੇਖ ਕੇ ਬਾਦਸ਼ਾਹ ਨੇ ਤੀਜੀ ਵਾਰ ਭੇਜਿਆ ਤੇ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਇਸ ਵੇਰ ਨਾਲ ਲਿਆਵੇ।"

ਫੇਰ ਅੱਗੇ ਲਿੱਖਿਆ ਹੈ ਕਿ "ਵਜੀਰ ਖਾਂ ਤੀਜੀ ਵੇਰ ਫਿਰ ਵਾਪਿਸ ਆ ਗਿਆ ਤੇ ਬਾਦਸ਼ਾਹ ਨੂੰ ਕਹਿਆ ਕਿ ਜੱਦ ਤਕ ਕੈਦੀ ਰਾਜੇ ਨਾ ਛੱਡੇ ਜਾਣ ਗੁਰੂ ਜੀ ਕਿਲ੍ਹੇ ਵਿਚੋਂ ਬਾਹਰ ਨਹੀਂ ਆਉਣਗੇ।

ਜਹਾਂਗੀਰ ਸੋਚਾਂ ਵਿਚ ਪੈ ਗਿਆ, ਇਕ ਪਾਸੇ ਇਸ ਗੱਲ ਦਾ ਡਰ ਸੀ ਕਿ ਜੇ ਸਾਰੇ ਕੈਦੀ ਰਾਜੇ ਛੱਡ ਦਿੱਤੇ ਤਦ ਸੰਭਵ ਹੈ ਕਿ ਇਹ ਬਾਹਰ ਆਣਕੇ ਰਾਜ ਵਿਦ੍ਰੋਹ ਕਰ ਦੇਣ, ਦੂਜੇ ਪਾਸੇ ਆਪਣੀ ਜਾਨ ਦੇ ਲਾਲੇ ਪੈ ਰਹੇ ਸਨ। ਵਜੀਰ ਖਾਂ ਨੂੰ ਕਹਿਣ ਲਗਾ ਕਿ ਜੇ ਕਦੀ ਹਿੰਦੂ ਰਾਜੇ ਜ਼ੁਰਮਾਨੇ ਵਜੋਂ ਕੁਝ ਰਕਮ ਦੇ ਦੇਣ ਤਦ ਛੱਡੇ ਜਾ ਸਕਦੇ ਹਨ। ਵਜ਼ੀਰ ਖਾਂ ਨੇ ਸਮਝਾਇਆ ਕਿ ਹੁਣ ਉਹਨਾਂ ਰਾਜਿਆਂ ਨੂੰ ਛੱਡਣਾਂ ਹੀ ਪਵੇਗਾ। ਮੀਆਂ ਮੀਰ ਫਕੀਰ ਨੇ ਵੀ ਜਹਾਂਗੀਰ ਨੂੰ ਇਸ ਅਗਿਆਤਪੁਣੇ ਤੋਂ ਸੁਚੇਤ ਕੀਤਾ। ਬਾਦਸ਼ਾਹ ਭੈਭੀਤ ਤਾਂ ਸੀ ਹੀ, ਮੀਆਂ ਮੀਰ ਦੀ ਜ਼ਬਾਨੀ ਇਹ ਗੱਲ ਸੁਣਕੇ, ਗੁਰੂ ਜੀ ਦੇ ਗਵਾਲੀਅਰ ਤੋਂ ਸਦਵਾਣ ਲਈ ਹੋਰ ਛੇਤੀ ਕਰਨ ਲੱਗਾ।"

Sri Satguru Jagjit Singh Ji eLibrary NamdhariElibrary@gmail.com


ਡਾ. ਫੌਜਾ ਸਿੰਘ ਦੁਆਰਾ ਸੰਪਾਦਿਤ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਅੰਗ੍ਰੇਜ਼ੀ ਪੁਸਤਕ The City of Amritsar An Introduction ਵਿਚ ਡਾ. ਭਗਤ ਸਿੰਘ ਨੇ ਆਪਣੇ ਲੇਖ "ਅਕਾਲ ਤਖਤ" ਵਿਚ ਪੰਨਾ 60 ਉਤੇ ਲਿਖਿਆ ਹੈ ਕਿ ਇਹ ਆਖਿਆ ਜਾਂਦਾ ਹੈ ਕਿ ਪ੍ਰਸਿੱਧ ਮੁਸਲਮਾਨ ਸੰਤ, ਮੀਆਂ ਮੀਰ ਅਤੇ ਉੱਘੇ ਦਰਬਾਰੀ ਵਜੀਰ ਖਾਂ ਦੀ ਮੁਦਾਖਲਤ ਨਾਲ 52 ਹੋਰ ਕੈਦੀਆਂ ਸਮੇਤ ਗੁਰੂ ਹਰਿਗੋਬਿੰਦ ਨੂੰ ਰਿਹਾ ਕੀਤਾ ਗਿਆ ਕਿਉਂਕਿ ਉਹ ਉਨ੍ਹਾਂ ਚਿਰ ਜੇਲ੍ਹ ਤੋਂ ਬਾਹਰ ਜਾਣ ਲਈ ਰਾਜ਼ੀ ਨਹੀਂ ਸਨ ਜਿਨ੍ਹਾਂ ਚਿਰ ਉਹਨਾਂ ਦੇ ਸਾਥੀਆਂ ਨੂੰ ਨਾ ਛੱਡਿਆ ਜਾਵੇ।"

ਇਸ ਤਰ੍ਹਾਂ ਅਸਾਂ ਵੇਖਿਆ ਹੈ ਕਿ ਮੀਆਂ ਮੀਰ ਦੇ ਗੁਰੂ ਘਰ ਨਾਲ ਡੂੰਘੇ ਤੇ ਦੋਸਤਾਨਾ ਸੰਬੰਧਾਂ ਦੇ ਚਾਰ ਪ੍ਰਸੰਗ ਸਿੱਖ ਪਰੰਪਰਾ ਵਿਚ ਏਡੀ ਵਿਸ਼ੇਸ਼ ਮਹੱਤਤਾ ਰੱਖਦੇ ਹਨ ਕਿ ਉਹਨਾਂ ਨੂੰ ਇਤਿਹਾਸਕ ਤੱਥਾਂ ਦੇ ਸਮਾਨ ਦਰਜਾ ਦਿੱਤਾ ਜਾਂਦਾ ਹੈ। ਇਹਨਾਂ ਵਿਚੋਂ ਦੋ ਪ੍ਰਸੰਗ ਉਹ ਹਨ ਜਿਨ੍ਹਾਂ ਦਾ ਸ਼ਾਹੀ ਦਰਬਾਰ ਨਾਲ ਕੋਈ ਤੁਅੱਲਕ ਨਹੀਂ। ਪਹਿਲਾ ਹਰਿਮੰਦਰ ਸਾਹਿਬ ਦੀ ਨੀਂਹ ਰੱਖਣਾ ਅਤੇ ਦੂਜੇ ਕੌਲਾਂ ਨੂੰ ਗੁਰੂ ਹਰਿਗੋਬਿੰਦ ਜੀ ਪਾਸ ਚਲੇ ਜਾਣ ਦੀ ਸਲਾਹ ਦੇਣਾ ਤੇ ਉਸਦੀ ਮਦਦ ਕਰਨਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਿਲਸਿਲੇ ਵਿਚ ਉਹ ਆਪਣੀ ਆਤਮਕ ਸ਼ਕਤੀ ਦਾ ਚਮਤਕਾਰ ਦਿਖਾਉਣ ਤੇ ਗੁਰੂ ਵਿਰੋਧੀ ਸ਼ਕਤੀਆਂ ਨੂੰ ਆਪਣੇ ਕਹਿਰ ਦਾ ਸ਼ਿਕਾਰ ਬਣਾਉਣ ਲਈ ਤਤਪਰ ਹੋਏ ਸਨ ਜਿਸ ਨੂੰ ਗੁਰੂ ਜੀ ਨੇ ਰਜ਼ਾਮੰਦੀ ਨਾ ਦੇ ਕੇ ਵਾਪਰਨ ਨਹੀਂ ਸੀ ਦਿੱਤਾ। ਚੌਥਾ ਪ੍ਰਸੰਗ ਹੈ ਗੁਰੂ ਹਰਿਗੋਬਿੰਦ ਜੀ ਦੀ ਰਿਹਾਈ ਦਾ ਜਿਸ ਵਿਚ ਉਹਨਾਂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਭਾਵੇਂ ਗੋਕਲ ਚੰਦ ਅਤੇ ਅਨਿਲ ਚੰਦਰ ਬੈਨਰਜੀ The Sikh Gurus and the Sikh Religion ਵੀ ਤੁਜ਼ਕ-ਇ-ਜਹਾਂਗੀਰੀ ਦੇ ਆਧਾਰ ਉਤੇ ਇਹ ਕਹਿੰਦੇ ਹਨ ਕਿ ਮੀਆਂ ਮੀਰ ਦੀ ਜਹਾਂਗੀਰ ਨਾਲ ਜ਼ਾਤੀ ਮੁਲਾਕਾਤ 1620 ਵਿਚ ਹੋਈ। ਗੁਰੂ ਜੀ ਦੀ ਰਿਹਾਈ ਦਾ ਸਾਲ ਵੀ ਇਹੋ ਹੀ ਹੈ। ਵੈਸੇ ਏਡੀ ਅਜ਼ਮਤ ਵਾਲੇ ਪੀਰਾਂ ਫਕੀਰਾਂ ਨੂੰ ਸ਼ਾਹੀ ਦਰਬਾਰਾਂ ਕੋਲੋਂ ਕੋਈ ਇਨਸਾਫ ਦੀ ਗੱਲ ਤੇ ਨੇਕ ਕੰਮ ਕਰਵਾਉਣ ਵਾਸਤੇ ਸ਼ਹਿਨਸ਼ਾਹਾਂ ਨਾਲ ਜ਼ਾਤੀ ਸੰਬੰਧਾਂ ਦੀ ਮਜਬੂਰੀ ਨਹੀਂ ਹੁੰਦੀ।

## ਮੀਆਂ ਮੀਰ ਦੀ ਅਜ਼ਮਤ

ਮੀਆਂ ਮੀਰ ਹੋਰ ਪੀਰਾਂ ਫਕੀਰਾਂ ਵਾਂਗ ਬੜਾ ਨਿਡਰ, ਬੇਬਾਕ ਤੇ ਮੂੰਹ ਫੱਟ ਸੰਤ ਸੀ। ਸਿਵਾਏ ਅੱਲਾਹ ਦੇ ਉਹ ਕਿਸੇ ਦਾ ਡਰ ਭੈ ਨਹੀਂ ਮੰਨਦਾ ਸੀ ਅਤੇ ਆਪਣੀ ਜ਼ਬਾਨ ਉਤੇ ਆਈ ਗੱਲ ਬੇਝਿਜਕ ਕਹਿ ਦਿੰਦਾ ਸੀ। ਇਕ ਟੋਟਕਾ ਪ੍ਰਸਿੱਧ ਹੈ ਕਿ ਜਦੋਂ ਜਹਾਂਗੀਰ ਨੇ ਹੈਦਰਾਬਾਦ ਉਤੇ ਹਮਲਾ ਕਰਨ ਦੀ ਸੋਚੀ ਤਾਂ ਤਿਆਰੀ ਦੇ ਨਾਲ ਨਾਲ ਹੀ ਆਪਣੀ ਕਾਮਯਾਬੀ ਦੀ ਦੁਆ ਕਰਨ ਲਈ ਮੀਆਂ ਮੀਰ ਨੂੰ ਬੇਨਤੀ ਕਰਨ ਆਇਆ। ਪਰ ਅਗੋਂ ਜਾਣੀ ਜਾਣ ਪੀਰ ਜੀ ਨੇ ਦਰਵਾਜੇ ਅੱਗੇ ਇਕ ਦਰਬਾਨ ਖੜਾ ਕਰ ਛੱਡਿਆ ਜਿਸ ਨੇ ਸਾਈਂ ਤੋਂ ਆਗਿਆ ਲਏ ਬਗੈਰ ਅੰਦਰ ਨਾ ਜਾਣ ਦਿੱਤਾ। ਜਦ ਆਗਿਆ ਪਾ ਕੇ ਜਹਾਂਗੀਰ ਅੰਦਰ ਗਿਆ ਤਾਂ ਕਹਿਣ ਲੱਗਾ, "ਬਾ ਦਰਵੇਸ਼ ਦਰਬਾਨੋਂ ਨਾ ਬਾਇਦ", ਮਤਲਬ ਇਹ ਕਿ ਦਰਵੇਸ਼ ਦੇ ਦਰਵਾਜ਼ੇ ਤੇ ਦਰਬਾਣ ਦੀ ਕੀ ਲੋੜ ਹੈ ਤਾਂ ਮੀਆਂ ਮੀਰ ਨੇ ਜਵਾਬ ਦਿੱਤਾ, "ਬ ਬਾਇਦ ਕਿ ਸਗੇ ਦੁਨੀਆ ਨ ਆਇਦ", ਅਰਥਾਤ ਐਸਾ ਕਰਨਾ ਇਸ ਲਈ ਜਰੂਰੀ ਹੈ ਕਿ ਤੇਰੇ ਦੁਨੀਆਦਾਰੀ ਦੀ ਹਿਰਸ ਦੇ ਮਾਰੇ ਹੁਲਕੇ ਕੁੱਤੇ ਅੰਦਰ ਨਾ ਆ ਜਾਣ।" ਜਹਾਂਗੀਰ ਇਹ ਸੁਣਕੇ ਸ਼ਰਮਿੰਦਾ ਹੋਇਆ। ਇਸ ਟੋਟਕੇ ਵਿਚਲੇ ਤੱਥ ਦੀ ਇਤਿਹਾਸਕਤਾ ਉਤੇ ਤਾਂ ਕਿੰਤੂ ਹੋ ਸਕਦਾ ਹੈ ਪਰ ਇਸ ਵਿਚ ਪ੍ਰਗਟਾਏ ਸੱਚ ਵਲੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ।

ਜਹਾਂਗੀਰ ਅਤੇ ਸ਼ਾਹਜਹਾਨ ਦੋਨੋਂ ਹੀ ਬਾਦਸ਼ਾਹ ਸਾਈਂ ਮੀਆਂ ਮੀਰ ਦੇ ਸ਼ਰਧਾਲੂ ਸਨ। ਸ਼ਾਹ ਜਹਾਨ ਦੀ ਧੀ ਨਾਦਿਰਾ ਬੇਗਮ ਵੀ ਮੀਆਂ ਮੀਰ ਦੀ ਮੁਰੀਦ ਸੀ। ਵੁਜ਼ੂ ਕਰਨ ਵੇਲੇ ਉਹ ਫਕੀਰ ਦੇ ਹੱਥ ਪੈਰ ਅਤੇ ਮੂੰਹ ਧੁਆਉਣ ਲਈ ਲੋਟਾ ਲੈ ਕੇ ਆ ਖਲੋਂਦੀ। ਜਦੋਂ ਉਹ ਬਾਰਾਂ ਸਾਲ ਦੀ ਹੋ ਗਈ ਤਾਂ ਸਾਂਈਂ ਨੇ ਆਖਿਆ ਕਿ ਹੁਣ ਉਹ ਜਵਾਨ ਹੁੰਦੀ ਜਾਂਦੀ ਹੈ ਇਸ ਵਾਸਤੇ ਬਾਹਰ ਨਾ ਨਿਕਲਿਆ ਕਰੇ। ਕੁੜੀ ਬੌਂਦਲਾ ਜਿਹੀ ਗਈ। ਉਸ ਨੇ ਜਵਾਬ ਦਿੱਤਾ ਕਿ ਇਹ ਖਿਦਮਤ ਨਾ ਕਰਨ ਨਾਲੋਂ ਤਾਂ ਉਹ ਮਰ ਜਾਏ ਚੰਗਾ। ਕਹਿੰਦੇ ਹਨ ਕਿ ਉਸੇ ਰਾਤ ਉਹ ਅੱਲਾਹ ਨੂੰ ਪਿਆਰੀ ਹੋ ਗਈ।

ਜਹਾਂਗੀਰ ਨੇ ਆਪਣੀ ਸਵੈਜੀਵਨੀ ਵਿਚ ਲਿਖਿਆ ਹੈ ਕਿ ਆਤਮਾ ਦੀ ਪਵਿਤਰਤਾ ਤੇ ਪਾਵਨਤਾ ਦੇ ਪਖੋਂ ਅੱਜ ਇਸ ਫਕੀਰ ਦਾ ਕੋਈ ਸਾਨੀ ਨਹੀਂ।

ਇਹ ਅਦਨਾ ਖਾਦਿਮ (ਬਾਦਸ਼ਾਹ) ਦਰਵੇਸ਼ ਨੂੰ ਮਿਲਣ ਜਾਇਆ ਕਰਦਾ ਸੀ ਅਤੇ ਉਹ ਮੇਰੀ ਦੁਨੀਆਵੀ ਤੇ ਦੀਨੀ ਰਹਿਨੁਮਾਈ ਕਰਦਾ ਸੀ। ਮੇਰੀ ਖਾਹਿਸ਼ ਸੀ ਕਿ ਮੈਂ ਕੁਝ ਰੁਪਿਆ-ਪੈਸਾ ਪੇਸ਼ ਕਰਾਂ ਪਰ ਉਹ ਕਿਸੇ ਤੋਂ ਕੁਛ ਕਬੂਲ ਨਹੀਂ ਕਰਦਾ ਸੀ। ਇਸ ਲਈ ਮੇਰੀ ਹਿੰਮਤ ਨਾ ਪਈ। ਮੈਂ ਸਿਰਫ ਉਹਨਾਂ ਨੂੰ ਨਮਾਜ਼ ਪੜ੍ਹਨ ਵੇਲੇ ਵਿਛਾਉਣ ਲਈ ਮ੍ਰਿਗਸ਼ਾਲ ਹੀ ਪੇਸ਼ ਕਰ ਸਕਿਆ ਜਿਹੜੀ ਉਹਨਾਂ ਨੇ ਕਬੂਲ ਫੁਰਮਾਈ।

ਹਜ਼ਰਤ ਮੀਆਂ ਮੀਰ ਨੇ ਸ਼ਾਦੀ ਨਹੀਂ ਸੀ ਕੀਤੀ ਅਤੇ ਉਸ ਨੇ ਸਾਰੀ ਜ਼ਿੰਦਗੀ ਬ੍ਰਹਮਚਾਰੀ ਰਹਿ ਕੇ ਗੁਜ਼ਾਰੀ। ਲੋਕਾਂ ਨੂੰ ਪਿਆਰ ਕਰਨ ਵਾਲਾ ਅਤੇ ਹਰ ਵੇਲੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਇਹ ਰੱਬ ਦਾ ਬੰਦਾ ਕੋਈ 87-88 ਸਾਲ ਦੀ ਪੱਕੀ ਉਮਰੇ 11 ਅਗਸਤ 1635 ਨੂੰ ਇਸ ਜਹਾਨ ਤੋਂ ਕੂਚ ਕਰ ਗਿਆ। ਕਹਿੰਦੇ ਹਨ ਕਿ ਜਦੋਂ ਉਸ ਦਾ ਅੰਤ ਨੇੜੇ ਆ ਗਿਆ ਤਾਂ ਉਹ ਸਖ਼ਤ ਬੀਮਾਰ ਪੈ ਗਿਆ। ਪ੍ਰਸਿੱਧ ਹਕੀਮ ਵਜੀਰ ਖਾਂ ਨੇ ਸਾਂਈ ਦਾ ਇਲਾਜ ਕਰਨ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਮੀਆਂ ਮੀਰ ਦਾ ਜਵਾਬ ਸੀ ਕਿ ਸਭ ਤੋਂ ਵੱਡਾ ਹਕੀਮ (ਰੱਬ) ਉਸਦਾ ਇਲਾਜ ਕਰ ਰਿਹਾ ਹੈ। ਆਪਣੀ ਮੌਤ ਤੋਂ ਕੁਛ ਪਲ ਪਹਿਲਾਂ ਉਸ ਨੇ ਆਪਣੇ ਚੇਲਿਆਂ ਨੂੰ ਹਦਾਇਤ ਦਿੱਤੀ ਕਿ ਉਹ ਉਸ ਦੀਆਂ ਹੱਡੀਆਂ ਨਾ ਵੇਚਣ। ਜਿਸ ਦਾ ਮਤਲਬ ਸੀ ਕਿ ਉਸ ਦੀ ਕਬਰ ਉੱਤੇ ਚੜ੍ਹਾਵੇ ਨਾ ਕਬੂਲ ਕੀਤੇ ਜਾਣ। ਮਹਾਨ ਅਜ਼ਮਤ ਵਾਲੇ ਇਸ ਪੀਰ ਨੂੰ ਹਿੰਦੂ ਵੀ ਉਨ੍ਹਾਂ ਹੀ ਪਿਆਰ ਕਰਦੇ ਹਨ ਜਿਨ੍ਹਾਂ ਮੁਸਲਮਾਨ। ਲਾਹੌਰ ਦੇ ਨੇੜੇ ਹੁਸ਼ਿਆਰਪੁਰ ਪਿੰਡ ਵਿਚ ਮੀਆਂ ਮੀਰ ਦਾ ਮਕਬਰਾ ਹੈ।

ਗਿਆਨੀ ਭਜਨ ਸਿੰਘ ਨੇ ਮੀਆਂ ਮੀਰ ਦੀ ਗੁਰੂ ਰਾਮਦਾਸ ਨਾਲ ਮਿੱਤਰਤਾ ਦਾ ਜ਼ਿਕਰ ਕੀਤਾ ਹੈ ਅਤੇ ਪ੍ਰਿੰ. ਸਤਬੀਰ ਸਿੰਘ ਨੇ ਗੁਰੂ ਤੇਗ ਬਹਾਦਰ ਨਾਲ ਸੰਬੰਧ ਦਾ। ਇਤਨਾ ਲੰਮਾ ਸਮਾਂ ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰ ਨਾਲ ਜੁੜੇ ਰਹਿਣ ਵਾਲੇ ਗੁਰੂ ਦੇ ਪ੍ਰੇਮੀ ਮੀਆਂ ਮੀਰ ਨੂੰ ਸਿੱਖ ਭਾਈਚਾਰਾ ਸਦਾ ਹੀ ਆਦਰ, ਪਿਆਰ ਤੇ ਸ਼ਰਧਾ ਭਾਵਨਾ ਨਾਲ ਯਾਦ ਕਰਦਾ ਰਹੇਗਾ।

-0-

Sri Satguru Jagjit Singh Ji eLibrary NamdhariElibrary@gmail.com




## ENGLISH

1. The Sikh Religion — Max Arthur Macaulgiffe
2. The Mughal Empire — R.C. Majumdar
3. History of the Sikhs — Hari Ram Gupta
4. The Sikh Gurus and The Sikh Religion. — Anil Chandra Banerji
5. Sufi Saints and State power — S.F.D. Ansari
6. The Reign of Muhammad Shah — Z.U. Malik
7. Sufi Thought — S.R. Sharda
8. The Sikh Gurus — K.S. Duggal
9. Religion and Politics in India during 17th Century — M.A. Lari Azad
10. Journal of Religious Studies Sep. Oct-1982
11. Journal of Sikh Studies

## ਪੰਜਾਬੀ

1. ਗੁਰ ਪ੍ਰਤਾਪ ਸੂਰਜ ਗ੍ਰੰਥ — ਭਾਈ ਸੰਤੋਖ ਸਿੰਘ
2. ਪੰਥ ਪ੍ਰਕਾਸ਼ — ਗਿ. ਗਿਆਨ ਸਿੰਘ
3. ਪੰਥ ਪ੍ਰਕਾਸ਼ — ਰਤਨ ਸਿੰਘ ਭੰਗੂ
4. ਸ੍ਰੀ ਅਸ਼ਟ ਗੁਰੂ ਚਮਤਕਾਰ — ਭਾਈ ਵੀਰ ਸਿੰਘ
5. ਸ੍ਰੀ ਹਰਿਮੰਦਰ ਸਾਹਿਬ — ਗਿ. (ਡਾ.) ਭਜਨ ਸਿੰਘ
6. ਦਰਵੇਸ਼ੀ ਗਾਖੜੀ — ਪ੍ਰਿੰ. ਸਤਿਬੀਰ ਸਿੰਘ